ਦਸੰਬਰ-2011

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ




## ਉਥਲ-ਪੁਥਲ ਹੋਈ ਪਈ ਕਾਇਨਾਤ ਨੂੰ ਜਗਾਉਣ ਵਾਲਾ ਕੋਈ ਬੰਦਾ ਇਤਿਹਾਸ ਦਾ ਪਾਤਰ ਕਦੋਂ ਬਣੇਗਾ

# Pro-People Arts Project Media Group

Pro-People Arts Project Media Group

"Shining a light on motives behind actions"

"To create self-awareness in our community so that we will elude obscurity, devote to unwavering symbolism, and become sponged into a society that benefits us as a whole.

'Demand identity' and we will become an effective futuristic society.

ਧਰਤੀ ਸ਼ਾਂਤ ਨਹੀਂ ਹੈ। ਸਮੁੰਦਰ ਲਗਾਤਾਰ ਖੌਰੂ ਪਾ ਰਹੇ ਹਨ। ਖੂੰਖਾਰ ਆਵਾਜ਼ਾਂ ਸਮੁੱਚੀ ਦੁਨੀਆ ਦੇ ਕੋਨਿਆਂ ਤੋਂ ਉਠ ਰਹੀਆਂ ਹਨ। ਹਰ ਕੋਈ ਆਪਣੇ ਤੌਰ ’ਤੇ ਆਜ਼ਾਦ ਹੋਣ ਦੀ ਤਲਾਸ਼ ਵਿਚ ਹੈ। ਇਕ ਕੋਨੇ ਤੋਂ ਉਠੀ ਆਜ਼ਾਦੀ ਹਵਾ ਚੰਦ ਪਲਾਂ ’ਚ ਸਮੁੱਚੀ ਦੁਨੀਆ ਅੰਦਰ ਤਰੰਗਾਂ ਛੇੜ ਦਿੰਦੀ ਹੈ। ਆਪ ਮੁਹਾਰੇ ਅੱਕੇ ਲੋਕ ਆਪਣੇ ਕਿਸਮ ਨਾਲ ਆਪਣੀ ਆਜ਼ਾਦ ਹਵਾ ਸਮਝ ਕੇ ਇਕਜੁਟ ਹੋ ਜਾਂਦੇ ਹਨ। ਇਕ ਨਵੇਂ ਸੰਘਰਸ਼ ਨੂੰ ਸੱਦਾ ਦਿੰਦੇ ਹਨ। ਇਹ ਸੰਘਰਸ਼ ਲਗਾਤਾਰ ਦੁਨੀਆ ਦੇ ਹਰੇਕ ਕੋਨੇ ’ਤੇ ਆਪਣੀ ਅਤੇ ਆਪਣੇ ਲੋਕਾਂ ਅਤੇ ਦੇਸ਼ਾਂ ਦੀ ਆਜ਼ਾਦੀ ਲਈ ਆਪੋ ਆਪਣੇ ਰੂਪ ਵਿਚ ਚਲਣਾ ਸ਼ੁਰੂ ਹੋ ਜਾਂਦਾ ਹੈ। ਦੇਖਣਾ ਇਹ ਹੈ ਕਿ ਕਦ ਧਰਤੀ ’ਤੇ ਮਾਨਵੀ ਇਤਿਹਾਸ ਦੀਆਂ ਅਜਿਹੀਆਂ ਪੈੜਾਂ ਪੈਂਦੀਆਂ ਨੇ ਜਦੋਂ ਸਮੁੱਚੇ ਸਰਮਾਏ ਦੇ ਮਾਲਕ ਖੁਦ ਲੋਕ ਬਣ ਜਾਣਗੇ ਅਤੇ ਆਪਣੇ ਇਸ ਸਰਮਾਏ ਨੂੰ ਆਪਣੇ ਆਜ਼ਾਦ ਜੀਵਨ ਲਈ ਵਰਤਣਗੇ ਅਤੇ ਮਾਨਵੀ ਕਿਰਤ ਦਾ ਸਤਿਕਾਰ ਕਰਨਗੇ। ਇਹ ਸੁਪਨਾ ਐਵੇਂ ਖਿਆਲੀ ਨਹੀਂ ਹੈ। ਹਕੀਕਤ ਵਿਚ ਪਲਟਣ ਲਈ ਅੰਗੜਾਈਆਂ ਲੈ ਰਿਹਾ ਹੈ।

## ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 5, ਦਸੰਬਰ 2011



ਸੰਪਾਦਕ ਮੰਡਲ
(ਆਨਰੇਰੀ)
ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਕੁਲਦੀਪ ਸਿੰਘ

ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



**Head Office**
Pro-People Arts Project Media Group
SAROKARAN DI AWAZ
29 MAPLEVIWE AVE
BRAMPTON ONTARIO
CANADA L6R 1M2
416-902-9372
416-817-7142
416-895-4100
E-Mail : ppapmg@gmail.com


### ਸੰਪਾਦਕੀ

# ਮਸਲਿਆਂ ਦੀ ਗਹਿਰਾਈ ਨੂੰ ਸਮਝਣ ਦੀ ਲੋੜ

ਜਿਸ ਕਿਸਮ ਨਾਲ ਅੱਜ ਦੀ ਦੁਨੀਆ ਅੰਦਰ ਉਖੇੜਾ ਆਇਆ ਹੋਇਆ ਹੈ ਪੁਰਾਤਨ ਅਤੇ ਇਤਿਹਾਸ ਦਾ ਕੋਈ ਵੀ ਪੜਾਅ ਅਜਿਹਾ ਨਹੀਂ ਮਿਲਦਾ ਜਦੋਂ ਸਮੁੱਚੀ ਦੁਨੀਆ ਅਜਿਹੇ ਹਾਲਾਤ ਵਿਚੋਂ ਗੁਜ਼ਰ ਰਹੀ ਹੋਵੇ ਕਿ ਜਦੋਂ ਸ਼ਾਂਤੀ ਨਾਂ ਦਾ ਸ਼ਬਦ ਪਰ ਲਾ ਕੇ ਉਡ ਗਿਆ ਹੋਵੇ ਅਤੇ ਚਾਰੇ ਪਾਸੇ ਲੋਕਾਂ ਅੰਦਰ ਕੁਝ ਨਵਾਂ ਕਰਨ ਦੀ ਚਿਣਗ ਤਾਂ ਹੋਵੇ ਪ੍ਰੰਤੂ ਰਸਤੇ ਦਾ ਨਾ ਪਤਾ ਹੋਵੇ ਕਿ ਕਿਸ ਰਸਤੇ ਅੱਗੇ ਵਧਿਆ ਜਾ ਸਕਦਾ ਹੈ ਕਿਉਂਕਿ ਕਈ ਕਿਸਮ ਦੇ ਵਿਚਾਰ ਚਾਰੇ ਪਾਸੇ ਇਸ ਕਿਸਮ ਨਾਲ ਫੈਲ ਗਏ ਹਨ ਕਿ ਹਰ ਇਕ ਨੂੰ ਲਗਦਾ ਹੈ ਕਿ ਮੈਂ ਅਜ਼ਾਦੀ ਦੇ ਪੱਖ ਵਿਚ ਲੜ ਰਿਹਾ ਹਾਂ। ਉਹ ਕਿਸੇ ਦਾਬੇ ਦਾ ਸਤਾਇਆ ਦਲਿਤ ਵੀ ਹੋ ਸਕਦਾ ਹੈ ਉਹ ਘੱਟ ਗਿਣਤੀ ਦਾ ਬਾਸ਼ਿੰਦਾ ਵੀ ਹੋ ਸਕਦਾ ਹੈ। ਉਹ ਆਪਣੇ ਰੰਗ ਅਤੇ ਨਸਲ ਕਾਰਨ ਵਿਤਕਰੇ ਦਾ ਸ਼ਿਕਾਰ ਵੀ ਹੋਇਆ ਹੋ ਸਕਦਾ ਹੈ। ਉਹ ਕਿਸੇ ਵਾਤਾਵਰਣ ਵਿਚ ਆਏ ਵਿਗਾੜ ਕਾਰਨ ਬਿਮਾਰੀਆਂ ਨਾਲ ਗ੍ਰਹਿਸਿਆ ਅਤੇ ਸਤਾਇਆ ਵੀ ਹੋ ਸਕਦਾ ਹੈ।ਉਹ ਕਿਸੇ ਆਜ਼ਾਦੀ ਦੇ ਨਾਂ 'ਤੇ ਲੜੇ ਗਏ ਦਹਿਸ਼ਤ ਕਿਸਮ ਦੇ ਮਾਹੌਲ ਵਿਚੋਂ ਗੁਜ਼ਰਿਆ ਵੀ ਹੋ ਸਕਦਾ ਹੈ।ਉਹ ਕਿਸੇ ਕਿਸਮ ਨਾਲ ਪੂੰਜੀ ਦੇ ਉਤਾਰਅ-ਚੜ੍ਹਾਅ ਕਾਰਨ ਸਤਾਇਆ ਵੀ ਹੋ ਸਕਦਾ ਹੈ।ਉਹ ਕਿਸੇ ਕਿਸਮ ਦੀ ਗਲਤ ਰਾਜਨੀਤੀ ਦੇ ਹੇਠ ਲੰਬਾ ਸਮਾਂ ਜੀਵਿਆ ਵੀ ਹੋ ਸਕਦਾ ਹੈ।ਉਹ ਜਿਸ ਦਾ ਸੁਪਨਾ ਕਿਸੇ ਨਾ ਕਿਸੇ ਕਿਸਮ ਨਾਲ ਚੂਰ ਹੋਇਆ ਹੋ ਸਕਦਾ ਹੈ। ਇਸ ਕਿਸਮ ਦੇ ਹਾਲਾਤ ਵਿਚ ਪਣਪ ਰਿਹਾ ਇਨਸਾਨ ਜੇ ਇਹ ਨਹੀਂ ਸਮਝਦਾ ਕਿ ਇਸ ਧਰਤੀ 'ਤੇ ਸਭ ਤੋਂ ਵੱਡੀ ਤਾਕਤ ਉਸ ਦੀ ਆਪਣੀ ਉਸਾਰੀ ਕਿਰਤ ਰਾਹੀਂ ਹੀ ਹੈ। ਪਰ ਸਵਾਲ ਇਹ ਉਤਪੰਨ ਹੁੰਦਾ ਹੈ ਕਿ ਉਸ ਦੀ ਕਿਰਤ ਦਾ ਉਹ ਖੁਦ ਮਾਲਕ ਹੈ ਜਾਂ ਉਸ ਦੀ ਕਿਰਤ ਦਾ ਮੁੱਲ ਕੋਈ ਹੋਰ ਵੱਟ ਰਿਹਾ ਹੈ ਅਤੇ ਉਹ ਸਿਰਫ਼ ਇਕ ਨਿੱਕੀ ਜਿਹੀ ਮਸ਼ੀਨ ਦਾ ਨਿੱਕਾ ਜਿਹਾ ਪੁਰਜਾ ਹੀ ਹੈ ਅਜਿਹੇ ਸਮਿਆਂ ਵਿਚ ਮਸਲਿਆਂ ਦੀਆਂ ਕੜੀਆਂ ਨੂੰ ਜੋੜਨਾ ਅਤੇ ਉਨ੍ਹਾਂ ਨੂੰ ਇਕਜੁਟ ਕਰਕੇ ਅਜਿਹਾ ਵਿਚਾਰ ਉਤਪੰਨ ਕਰਨਾ ਜਿਸ ਨਾਲ ਉਹ ਆਪਣੇ ਤਜਰਬਿਆਂ, ਕਾਰਜਾਂ ਅਤੇ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਹੋ ਸਕੇ। ਇਸ ਕਿਸਮ ਦਾ ਵਿਚਾਰ ਅਜੋਕੇ ਸੰਘਰਸ਼ਾਂ ਵਿਚੋਂ ਕਾਫ਼ੀ ਹੱਦ ਤੱਕ ਗਾਇਬ ਹੈ ਜਾਂ ਅਜੇ ਇਸ ਨੇ ਇਕਜੁਟ ਹੋ ਕੇ ਵਿਕਸਿਤ ਹੋਣਾ ਹੈ। ਇਸ ਨੂੰ ਵਿਕਸਿਤ ਕਰਨ ਲਈ ਆਧੁਨਿਕ ਸਮਿਆਂ ਦੀ ਸਹੀ ਸੋਝੀ ਅਤੇ ਉਸ ਦਾ ਬਦਲ ਜੋ ਕਿ ਹੁਣ ਤੱਕ ਦੀ ਪਦਾਰਥਕ ਅਤੇ ਬੌਧਿਕ ਸ਼ਕਤੀ ਦੀ ਸਮਝਦਾਰੀ ਤੋਂ ਹਾਸਲ ਕੀਤਾ ਜਾ ਸਕਦਾ ਹੈ ਅਤੇ ਇਸ ਕਿਸਮ ਦਾ ਮਾਨਵੀ ਇਤਿਹਾਸ ਮਨੁੱਖ ਦੇ ਜ਼ਹਿਨ ਵਿਚ ਕਿਸੇ ਨਾ ਕਿਸੇ ਪੱਧਰ 'ਤੇ ਪਿਆ ਹੈ। ਬੱਸ ਸਿਰਫ਼ ਉਸ ਨੂੰ ਆਪਣੀ ਅਤੇ ਆਪਣੇ ਇਤਿਹਾਸ ਦੀ ਸਹੀ ਸਮਝਦਾਰੀ ਅਤੇ ਜਾਚ ਚਾਹੀਦੀ ਹੈ ਜਿਸ ਰਾਹੀਂ ਉਹ ਆਧੁਨਿਕ ਸਮਿਆਂ ਵਿਚ ਮਨੁੱਖੀ ਕਿਰਤ ਰਾਹੀਂ ਵਿਕਸਿਤ ਕੀਤੇ ਸਮੁੱਚੇ ਸਰਮਾਏ ਦਾ ਖੁਦ ਮਾਲਕ ਬਣ ਸਕੇ। ਅਤੇ ਉਸ ਨੂੰ ਜਨ ਸਮੂਹ ਦੇ ਵਾਸਤੇ ਲਗਾ ਸਕੇ। ਜਿਸ ਨਾਲ ਆਧੁਨਿਕ ਸਮਿਆਂ ਦੀਆਂ ਸਹੂਲਤਾਂ ਨਾਲ ਆਧੁਨਿਕ ਸਮਿਆਂ ਦਾ ਸ਼ਾਨਦਾਰ ਮਨੁੱਖ ਉਸਾਰਿਆ ਜਾ ਸਕਦਾ ਹੈ।

- ਅਰੁੰਧਤੀ ਰਾਏ, ਪ੍ਰਸਿੱਧ ਲੇਖਿਕਾ



# 'ਕਬਜ਼ਾ ਕਰੋ' ਲਹਿਰ ਬਾਰੇ-ਪੀਪਲਜ਼ ਯੂਨੀਵਰਸਿਟੀ ਵਾਸ਼ਿੰਗਟਨ ਸਕੁਏਰ ਭਾਸ਼ਣ



ਆਧੁਨਿਕ ਸਮਿਆਂ ਨੂੰ ਕਈ ਵਾਰੀ ਸਲਾਮ ਕਰਨ ਨੂੰ ਦਿਲ ਕਰਦਾ ਹੈ ਕਿ ਜਿਸ ਕਿਸਮ ਨਾਲ ਮਨੁੱਖ ਨੇ ਧਰਤੀ 'ਤੇ ਸਵਰਗ ਸਿਰਜਿਆ ਹੈ ਉਹ ਕਦੀ-ਕਦਾਈਂ ਗੈਬੀ ਕਿਸਮ ਦੀਆਂ ਪਰਾ ਕਹਾਣੀਆਂ ਵਿਚ ਪੜ੍ਹਦੇ ਸੁਣਦੇ ਸਾਂ ਕਿ ਮਨੁੱਖ ਕਿੰਨੀ ਦੂਰੀ ਤੱਕ ਜਾਨਵਰਾਂ ਵਾਂਗ ਉਡਾਰੀ ਮਾਰ ਸਕਦਾ ਹੈ ਅਤੇ ਅਰਸ਼ 'ਚੋਂ ਤਾਰੇ ਤੋੜ ਸਕਦਾ ਹੈ ਇਸ ਨੂੰ ਹਕੀਕਤ ਵਿਚ ਆਧੁਨਿਕ ਮਨੁੱਖ ਨੇ ਆਪਣੀ ਕਿਰਤ ਸ਼ਕਤੀ ਨਾਲ ਉਸਾਰ ਦਿੱਤਾ ਹੈ ਪ੍ਰੰਤੂ ਉਹ ਉਸਾਰਨ ਤੋਂ ਬਾਅਦ ਉਸ ਮਾਲਕ ਨਹੀਂ ਰਿਹਾ। ਉਸ ਦਾ ਮਾਲਕ ਉਹ ਕਾਰਪੋਰੇਟ ਘਰਾਣੇ ਦਾ ਖੂੰ-ਖਾਰ ਅਧਿਕਾਰੀ ਜਾਂ ਸੰਚਾਲਕ ਬਣ ਗਿਆ ਹੈ ਜਿਸ ਨੇ ਸਮੁੱਚੀ ਮਨੁੱਖੀ ਕਿਰਤ ਦੇ ਫਲ ਨੂੰ ਆਪਣੀ ਅੱਯਾਸ਼ੀ ਤੱਕ ਸੀਮਤ ਕਰ ਲਿਆ ਹੈ ਅਤੇ ਬਹੁ ਗਿਣਤੀ ਨੂੰ ਪਰੇ ਧੱਕ ਦਿੱਤਾ ਹੈ ਜਾਂ ਵਗਾ ਮਾਰਿਆ ਹੈ। ਉਹ ਹੁਣ ਪੈਸੇ ਅਤੇ ਸੱਤਾ ਦੀ ਤਾਕਤ ਨਾਲ ਆਪਣਾ ਪ੍ਰਬੰਧ ਚਲਾ ਰਿਹਾ ਹੈ ਪ੍ਰੰਤੂ ਰੋਜ਼ਮਰਾ ਦੀ ਜੀਵਨ ਜਾਚ ਨਾਲ ਜੂਝ ਰਹੇ ਲੋਕ ਜਿਹੜੇ ਕਿਰਤ ਦਾ ਮੁੱਲ ਆਪਣੇ ਲਈ ਹਾਸਲ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੂੰ ਹੁਣ ਪਤਾ ਲੱਗ ਗਿਆ ਹੈ ਕਿ ਅਸੀਂ ਤੁਹਾਨੂੰ ਜਾਣਦੇ ਹਾਂ ਕਿ ਤੁਸੀਂ ਕਿਸ ਕਿਸਮ ਦੇ ਹੋ ਅਤੇ ਕਿਸ ਕਿਸਮ ਨਾਲ ਸਾਡੇ 'ਤੇ ਤਾਕਤ ਅਜਮਾਈ ਬੈਠੇ ਹੋ। ਫੈਸਲਾ ਹੁਣ ਅਸੀਂ ਕਰਨਾ ਹੈ ਕਿ ਅਸੀਂ ਆਪਣੀ ਤਾਕਤ ਦਾ ਅਹਿਸਾਸ ਤੁਹਾਨੂੰ ਕਰਵਾ ਦੇਈਏ।

ਆਪਾਂ ਸਾਰੇ ਕਬਜ਼ਾ ਕਰਨ ਵਾਲੇ ਹਾਂ (16 ਨਵੰਬਰ 2011 ਨੂੰ ਪੀਪਲਜ਼ ਯੂਨੀਵਰਸਿਟੀ ਵਾਸ਼ਿੰਗਟਨ ਸਕੁਏਰ ਵਿਖੇ ਅਰੁੰਧਤੀ ਰਾਏ ਵੱਲੋਂ ਦਿੱਤਾ ਗਿਆ ਭਾਸ਼ਣ) ਸਾਮਰਾਜ ਦੇ ਗੜ੍ਹ 'ਚ ਅਨਿਆਂ ਵਿਰੁੱਧ ਉੱਠ ਖੜ੍ਹੇ ਹੋਣ ਅਤੇ ਬਰਾਬਰੀ ਲਈ ਲੜਨ ਵਾਲੀ "ਕਬਜ਼ਾ ਕਰੋ" ਲਹਿਰ ਨੂੰ ਸੰਸਾਰ ਭਰ ਦੇ ਲੋਕਾਂ ਵੱਲੋਂ ਸਲਾਮ ਮੰਗਲਵਾਰ ਸਵੇਰੇ ਪੁਲਸ ਨੇ ਜ਼ੁਕੋਟੀ ਪਾਰਕ ਨੂੰ ਖਾਲੀ ਕਰਵਾ ਲਿਆ ਸੀ, ਪਰ ਅੱਜ ਲੋਕ ਫਿਰ ਵਾਪਸ ਆ ਗਏ ਹਨ। ਪੁਲਸ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਲੜਾਈ ਕਿਸੇ ਇਲਾਕੇ ਖਾਤਰ ਨਹੀਂ ਲੜੀ ਜਾ ਰਹੀ। ਅਸੀਂ ਇੱਥੇ ਜਾਂ ਉਥੇ ਕਿਸੇ ਪਾਰਕ 'ਤੇ ਕਬਜ਼ਾ ਕਰਨ ਦੇ ਹੱਕ ਖਾਤਰ ਨਹੀਂ ਲੜ ਰਹੇ ਹਾਂ।ਅਸੀਂ ਨਿਆਂ ਲਈ ਲੜ ਰਹੇ ਹਾਂ। ਸਿਰਫ਼ ਅਮਰੀਕਾ ਦੇ ਲੋਕਾਂ ਖਾਤਰ ਨਿਆਂ ਲਈ ਨਹੀਂ, ਸਗੋਂ ਹਰ ਇੱਕ ਖਾਤਰ ਨਿਆਂ ਲਈ।

ਅਮਰੀਕਾ ਅੰਦਰ 17 ਸਤੰਬਰ ਤੋਂ ਸ਼ੁਰੂ ਹੋਈ 'ਕਬਜ਼ਾ ਕਰੋ' ਦੀ ਲਹਿਰ ਰਾਹੀਂ ਤੁਸੀਂ ਸਾਮਰਾਜ ਦੀ ਐਨ ਹਿੱਕ 'ਚ ਇੱਕ ਨਵੀਂ ਸੋਚ, ਨਵੇਂ ਸਿਆਸੀ ਬੋਲਾਂ ਨੂੰ ਦਾਖਲ ਕਰਨ 'ਚ ਕਾਮਯਾਬ ਹੋਏ ਹੋ।ਤੁਸੀਂ ਓਸ ਪ੍ਰਬੰਧ

ਅੰਦਰ ਸੁਪਨੇ ਲੈਣ ਦੇ ਹੱਕ ਨੂੰ ਮੁੜ ਦਾਖਲ ਕੀਤਾ ਹੈ ਜੋ ਹਰ ਬੰਦੇ ਨੂੰ ਸੰਮੋਹਿਤ ਕਰਕੇ ਅਜਿਹੀਆਂ ਜਿਉਂਦੀਆਂ ਲੋਥਾਂ 'ਚ ਤਬਦੀਲ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਹੜੀਆਂ ਬੇਥਵ੍ਹੇ ਉਪਭੋਗਤਾਵਾਦ ਨੂੰ ਹੀ ਖੁਸ਼ਹਾਲੀ ਅਤੇ ਸੰਪੂਰਣਤਾ ਸਮਝਦੀਆਂ ਹਨ।

ਇੱਕ ਲੇਖਕ ਦੇ ਤੌਰ 'ਤੇ ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਇਹ ਜ਼ਬਰਦਸਤ ਪ੍ਰਾਪਤੀ ਹੈ।ਮੇਰੇ ਕੋਲ ਤੁਹਾਡਾ ਧੰਨਵਾਦ ਕਰਨ ਲਈ ਸ਼ਬਦ ਨਹੀਂ ਹਨ।

ਅਸੀਂ ਨਿਆਂ ਦੀ ਗੱਲ ਕਰ ਰਹੇ ਸੀ।ਅੱਜ ਜਦੋਂ ਅਸੀਂ ਗੱਲ ਕਰ ਰਹੇ ਹਾਂ ਤਾਂ ਅਮਰੀਕਾ ਦੀ ਫੌਜ ਇਰਾਕ ਅਤੇ ਅਫ਼ਗਾਨੀਸਤਾਨ ਅੰਦਰ ਕਬਜ਼ਾ ਕਰਨ ਲਈ ਜੰਗ ਲੜ ਰਹੀ ਹੈ। ਅਮਰੀਕੀ ਡਰੋਨ ਜਹਾਜ਼ ਪਾਕਿਸਤਾਨ ਅਤੇ ਉਸਤੋਂ ਪਰ੍ਹੇ ਆਮ ਸ਼ਹਿਰੀਆਂ ਨੂੰ ਮਾਰ ਰਹੇ ਹਨ।ਦਹਿ ਹਜ਼ਾਰਾਂ ਦੀ ਗਿਣਤੀ 'ਚ ਅਮਰੀਕੀ ਪਲਟਨਾਂ ਅਤੇ ਮੌਤ ਵੰਡਦੇ ਜੱਥੇ ਅਫਰੀਕਾ 'ਚ ਦਾਖਲ ਹੋ ਰਹੇ ਹਨ।ਤੇ ਹੁਣ ਇਰਾਨ ਖਿਲਾਫ਼ ਜੰਗ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ, ਜਿਵੇਂ ਕਿਤੇ ਹਾਲੇ ਇਰਾਕ ਅਤੇ ਅਫਗਾਨੀਸਤਾਨ 'ਤੇ ਕਬਜ਼ਾ ਕਰਨ ਲਈ ਵਹਾਏ ਜਾ ਰਹੇ ਤੁਹਾਡੇ ਕਰੋੜਾਂ ਡਾਲਰ ਕਾਫ਼ੀ ਨਾ ਹੋਣ।ਵੱਡੇ ਆਰਥਿਕ ਮੰਦਵਾੜੇ ਦੇ ਵੇਲੇ ਤੋਂ ਲੈ ਕੇ, ਹਥਿਆਰ ਬਣਾਉਣਾ ਅਤੇ ਜੰਗ ਲਾਉਣਾ ਦੋ ਅਜਿਹੀਆਂ ਮੁੱਖ ਜੁਗਤਾਂ ਹਨ ਜਿਹਨਾਂ ਰਾਹੀਂ ਅਮਰੀਕਾ ਆਪਣੇ ਅਰਥਚਾਰੇ ਨੂੰ ਬਲ ਬਖਸ਼ਦਾ ਰਿਹਾ ਹੈ।ਹੁਣੇ ਹੁਣੇ ਹੀ, ਰਾਸ਼ਟਰਪਤੀ ਉਬਾਮਾ ਦੇ ਸਮੇਂ 'ਚ ਹੀ ਅਮਰੀਕਾ ਨੇ ਸਾਊਦੀ ਅਰਬ ਨਾਲ 60 ਬਿਲੀਅਨ ਡਾਲਰ ਦੇ ਹਥਿਆਰਾਂ ਦਾ ਸੌਦਾ ਕੀਤਾ ਹੈ। ਇਹ ਸਯੁੰਕਤ ਅਰਬ ਅਮੀਰਾਤ ਨੂੰ ਹਜ਼ਾਰਾਂ ਦੀ ਗਿਣਤੀ 'ਚ ਬੰਕਰ-ਭੰਨ ਬੰਬ ਵੇਚਣ ਦੀ ਤਿਆਰੀ 'ਚ ਬੈਠਾ ਹੈ।

ਇਹਨੇ ਮੇਰੇ ਮੁਲਕ ਭਾਰਤ ਨੂੰ 5 ਬਿਲੀਅਨ ਡਾਲਰ ਦੇ ਫੌਜੀ ਜਹਾਜ਼ ਵੇਚੇ ਹਨ ਜਿੱਥੇ ਅਫ਼ਰੀਕਾ ਦੇ ਸਾਰੇ ਗਰੀਬ ਮੁਲਕਾਂ ਦੇ ਕੁੱਲ ਜੋੜ ਨਾਲੋਂ ਵੀ ਜਿਆਦਾ ਗ਼ਰੀਬ ਲੋਕ ਵਸਦੇ ਹਨ। ਹੀਰੋਸ਼ੀਮਾਂ ਅਤੇ ਨਾਗਾਸਾਕੀ 'ਤੇ ਸੁੱਟੇ ਬੰਬਾਂ ਤੋਂ ਲੈ ਕੇ ਵਿਅਤਨਾਮ, ਕੋਰੀਆ, ਲਾਤੀਨੀ ਅਮਰੀਕਾ ਤੱਕ ਦੇ ਸਾਰੇ ਯੁੱਧਾਂ ਦੌਰਾਨ ਲੱਖਾਂ ਹੀ ਜਾਨਾਂ ਗਈਆਂ ਹਨ-ਤੇ ਇਹ ਸਾਰੇ ਯੁੱਧ "ਅਮਰੀਕੀ ਜੀਵਨ ਜਾਚ" ਦੀ ਚੜ੍ਹਾਈ ਯਕੀਨੀ ਕਰਨ ਲਈ ਲੜੇ ਗਏ। ਅੱਜ ਅਸੀਂ ਜਾਣਦੇ ਹਾਂ ਕਿ "ਅਮਰੀਕੀ ਜੀਵਨ ਜਾਚ"-ਜਿਹੋ ਜਿਹਾ ਬਣਨ ਦੀ ਇੱਛਾ ਕਰਨ ਦੀ ਬਾਕੀ ਸਾਰੇ ਮੁਲਕਾਂ ਤੋਂ ਆਸ ਕੀਤੀ ਜਾਂਦੀ ਹੈ- ਦਾ ਸਿੱਟਾ ਇਹ ਨਿਕਲਿਆ ਹੈ ਕਿ ਅਮਰੀਕਾ ਦੀ ਅੱਧੀ ਵਸੋਂ ਦੀ ਦੌਲਤ 'ਤੇ 4 ਸੌ ਲੋਕਾਂ ਦੀ ਮਾਲਕੀ ਹੈ।ਇਸਦਾ ਮਤਲਬ ਹੈ ਕਿ ਹਜ਼ਾਰਾਂ ਲੋਕਾਂ ਨੂੰ ਘਰਾਂ ਅਤੇ ਨੌਕਰੀਆਂ ਤੋਂ ਕੱਢਿਆ ਗਿਆ ਹੈ ਜਦੋਂ ਕਿ ਅਮਰੀਕੀ ਸਰਕਾਰ ਨੇ ਬੈਂਕਾਂ ਅਤੇ ਕਾਰਪੋਰੇਸ਼ਨਾਂ ਨੂੰ ਰਾਹਤ ਪੈਕੇਜ ਵੰਡੇ ਹਨ — ਇਕੱਲੇ ਅਮਰੀਕੀ ਕੌਮਾਂਤਰੀ ਗਰੁੱਪ ਨੂੰ ਹੀ 182 ਬਿਲੀਅਨ ਡਾਲਰ ਦਿੱਤੇ ਗਏ ਹਨ।

ਭਾਰਤੀ ਸਰਕਾਰ ਅਮਰੀਕੀ ਆਰਥਿਕ ਨੀਤੀ ਦੀ ਸ਼ਰਧਾਵਾਨ ਭਗਤ ਹੈ।ਖੁੱਲੀ ਮੰਡੀ ਦੀ ਆਰਥਿਕਤਾ ਦੇ 20 ਸਾਲਾਂ ਦੇ ਸਿੱਟੇ ਵਜੋਂ ਭਾਰਤ ਦੇ ਸਿਖਰਲੇ 100 ਧਨਾਢਾਂ ਕੋਲ ਮੁਲਕ ਦੀ ਕੁੱਲ ਪੈਦਾਵਾਰ ਦੇ ਇੱਕ ਚੌਥਾਈ ਦੇ ਬਰਾਬਰ ਧਨ-ਦੌਲਤ ਹੈ, ਜਦੋਂ ਕਿ 80 ਫੀਸਦੀ ਤੋਂ ਵੀ ਜ਼ਿਆਦਾ ਲੋਕ 50 ਸੈਂਟ (23-24 ਰੁ.) ਦਿਹਾੜੀ ਨਾਲੋਂ ਵੀ ਘੱਟ 'ਤੇ ਗੁਜ਼ਾਰਾ ਕਰਦੇ ਹਨ; 2 ਲੱਖ 50 ਹਜ਼ਾਰ ਕਿਸਾਨ ਮੌਤ ਦੇ ਮੂੰਹ 'ਚ ਧੱਕੇ ਜਾ ਚੁੱਕੇ ਹਨ, ਉਹਨਾਂ ਨੇ ਖੁਦਕੁਸ਼ੀ ਕਰ ਲਈ ਹੈ।ਸਾਡੇ ਲਈ ਇਹ ਵਿਕਾਸ ਹੈ, ਅਤੇ ਹੁਣ ਅਸੀਂ ਆਵਦੇ ਆਪ ਨੂੰ ਸੁਪਰ-ਪਾਵਰ (ਮਹਾਂ-ਸ਼ਕਤੀ) ਸਮਝਦੇ ਹਾਂ। ਤੁਹਾਡੀ ਤਰ੍ਹਾਂ ਅਸੀਂ ਵੀ ਯੋਗਤਾ ਸ਼ਰਤਾਂ ਪੂਰੀਆਂ ਕਰ ਲਈਆਂ ਹਨ : ਸਾਡੇ ਕੋਲ ਪ੍ਰਮਾਣੂ ਬੰਬ ਹਨ ਅਤੇ ਘਿਣਾਉਣੀ ਨਾ-ਬਰਾਬਰੀ ਹੈ।ਚੰਗੀ ਖ਼ਬਰ ਇਹ ਹੈ ਕਿ ਲੋਕ ਅੱਕ ਚੁੱਕੇ ਹਨ ਅਤੇ ਉਹ ਹੋਰ ਬਰਦਾਸ਼ਤ ਨਹੀਂ ਕਰਨ ਲੱਗੇ।'ਕਬਜ਼ਾ ਕਰੋ' ਲਹਿਰ ਵੀ ਸੰਸਾਰ ਭਰ 'ਚ ਚੱਲ ਰਹੀਆਂ ਉਹਨਾਂ ਹਜ਼ਾਰਾਂ ਵਿਰੋਧ ਲਹਿਰਾਂ 'ਚ ਸ਼ਾਮਲ ਹੋ ਗਈ ਹੈ ਜਿਹਨਾਂ ਰਾਹੀਂ ਗਰੀਬੀ ਮਾਰੇ ਲੋਕ ਉੱਠ ਖੜ੍ਹੇ ਹੋਏ ਹਨ ਅਤੇ ਧਨਾਢ ਕਾਰਪੋਰੇਸ਼ਨਾਂ ਦਾ ਰਾਹ ਰੋਕ ਰਹੇ ਹਨ।ਸਾਡੇ 'ਚੋਂ ਥੋੜਿਆਂ ਨੇ ਹੀ ਸੋਚਿਆ ਸੀ ਕਿ ਅਸੀਂ ਤੁਹਾਨੂੰ, ਯਾਨੀ ਕਿ ਅਮਰੀਕਾ ਦੇ ਲੋਕਾਂ ਨੂੰ ਆਵਦੇ ਨਾਲ ਖੜ੍ਹੇ ਅਤੇ ਸਾਮਰਾਜ ਦੇ ਗੜ੍ਹ ? 'ਚ ਅਜਿਹਾ ਕਰਦੇ ਹੋਏ ਤੱਕਾਂਗੇ। ਮੈਨੂੰ ਨਹੀਂ ਪਤਾ ਵੀ ਮੈਂ ਕਿਵੇਂ ਦੱਸਾਂ ਕਿ ਇਹ ਕਿੱਡੀ ਵੱਡੀ ਗੱਲ ਹੈ।

ਉਹ (1% ਧਨਾਢ) ਕਹਿੰਦੇ ਹਨ ਕਿ ਸਾਡੇ ਕੋਲ ਮੰਗਾਂ ਨਹੀਂ ਹਨ . . . ਸ਼ਾਇਦ ਉਹ ਨਹੀਂ ਜਾਣਦੇ ਕਿ ਉਹਨਾਂ ਨੂੰ ਤਬਾਹ ਕਰਨ ਲਈ ਸਿਰਫ਼ ਸਾਡਾ ਰੋਹ ਹੀ ਕਾਫ਼ੀ ਹੈ। ਪਰ ਮੈਂ ਸਾਡੇ ਸਾਰਿਆਂ ਦੇ ਇਕੱਠਿਆਂ ਸੋਚਣ ਲਈ ਕੁੱਝ ਗੱਲਾਂ ਕਹਿਣਾ ਚਾਹਾਂਗੀ-ਕੁਝ "ਪੂਰਵ-ਇਨਕਲਾਬੀ" ਵਿਚਾਰ ਜੋ ਮੈਂ ਸੋਚੇ ਸਨ :

ਅਸੀਂ ਏਸ ਪ੍ਰਬੰਧ ਨੂੰ ਥੰਮ੍ਹਣਾ ਚਾਹੁੰਦੇ ਹਾਂ ਜੋ ਨਾ-ਬਰਾਬਰੀ ਪੈਦਾ ਕਰਦਾ ਹੈ।ਅਸੀਂ ਇਕੱਲੇ-'ਕਹਿਰੇ ਬੰਦਿਆਂ ਅਤੇ ਕਾਰਪੋਰੇਸ਼ਨਾਂ ਵੱਲੋਂ ਧਨ ਅਤੇ ਦੌਲਤ ਦੀ ਬੇਮੁਹਾਰ ਇਕੱਤਰਤਾ ਨੂੰ ਨੂੜ ਲੈਣਾ ਚਾਹੁੰਦੇ ਹਾਂ। "ਨੂੜਨ" ਵਾਲਿਆਂ ਅਤੇ "ਥੰਮ੍ਹਣ" ਵਾਲਿਆਂ ਵਜੋਂ ਅਸੀਂ ਮੰਗ ਕਰਦੇ ਹਾਂ-ਕਾਰੋਬਾਰਾਂ 'ਚ ਦੁਪਾਸੜ ਮਾਲਕੀ ਬੰਦ ਹੋਵੇ। ਉਦਾਹਰਣ ਲਈ ਹਥਿਆਰ ਬਣਾਉਣ ਵਾਲੇ ਟੀ.ਵੀ. ਸਟੇਸ਼ਨਾਂ ਦੇ ਮਾਲਕ ਨਹੀਂ ਬਣ ਸਕਦੇ; ਖਾਣਾਂ ਪੁੱਟਣ ਵਾਲੀਆਂ ਕਰਪੋਰੇਸ਼ਨਾਂ ਅਖ਼ਬਾਰ ਨਹੀਂ ਚਲਾ ਸਕਦੀਆਂ; ਵਪਾਰਕ ਘਰਾਣੇ ਯੂਨੀਵਰਸਿਟੀਆਂ ਨੂੰ ਫੰਡ ਨਹੀਂ ਦੇ ਸਕਦੇ; ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਜਨਤਕ ਸਿਹਤ ਨਾਲ ਸੰਬੰਧਿਤ ਫੰਡਾਂ ਨੂੰ ਕੰਟਰੋਲ ਨਹੀਂ ਕਰ ਸਕਦੀਆਂ।

ਕੁਦਰਤੀ ਸੋਮਿਆਂ ਅਤੇ ਪਾਣੀ ਦੀ ਸਪਲਾਈ, ਬਿਜਲੀ, ਸਿਹਤ ਅਤੇ ਸਿੱਖਿਆ ਜਿਹੇ ਜ਼ਰੂਰੀ ਢਾਂਚਿਆਂ ਦਾ ਨਿੱਜੀਕਰਨ ਨਹੀਂ ਕੀਤਾ ਜਾ ਸਕਦਾ। ਰਿਹਾਇਸ਼, ਸਿੱਖਿਆ ਅਤੇ ਸਿਹਤ ਸੰਭਾਲ ਹਰ ਇੱਕ ਦਾ ਹੱਕ ਹੋਵੇ।ਧਨਾਢਾਂ ਦੇ ਬੱਚਿਆਂ ਨੂੰ ਆਪਣੇ ਮਾਪਿਆਂ ਦੀ ਦੌਲਤ ਵਿਰਾਸਤ 'ਚ ਨਹੀਂ ਮਿਲ ਸਕਦੀ।

ਮੌਜੂਦਾ ਸੰਘਰਸ਼ ਨੇ ਸਾਡੀ ਸੋਚ ਨੂੰ ਮੁੜ-ਸੁਰਜੀਤ ਕਰ ਦਿੱਤਾ ਹੈ। ਪਤਾ ਨਹੀਂ ਕਿਹੜੇ ਵੇਲੇ ਪੂੰਜੀਵਾਦ ਨੇ ਨਿਆਂ ਦਾ ਮਤਲਬ ਸਿਰਫ਼ "ਮਨੁੱਖੀ ਅਧਿਕਾਰਾਂ" ਤੱਕ ਹੀ ਸੁੰਗੇੜ ਦਿੱਤਾ ਸੀ ਅਤੇ ਬਰਾਬਰੀ ਦਾ ਸੁਪਨਾ ਲੈਣ ਦਾ ਵਿਚਾਰ ਵੀ ਕਾਫ਼ਰਾਨਾ ਹੋ ਗਿਆ ਸੀ।ਅਸੀਂ ਏਸ ਪ੍ਰਬੰਧ ਨੂੰ ਸੋਧਣ ਜਾਂ ਇਹਦੀ ਗੰਢ-ਤੁੱਪ ਕਰਨ ਲਈ ਨਹੀਂ ਲੜ ਰਹੇ, ਇਹਨੂੰ ਬਦਲਣ ਦੀ ਜ਼ਰੂਰਤ ਹੈ। "ਨੂੜਨ" ਵਾਲੀ ਅਤੇ "ਥੰਮ੍ਹਣ" ਵਾਲੀ ਵਜੋਂ ਮੈਂ ਤੁਹਡੇ ਸੰਘਰਸ਼ ਨੂੰ ਸਲਾਮ ਕਰਦੀ ਹਾਂ।

ਸਲਾਮ ਅਤੇ ਜ਼ਿੰਦਾਬਾਦ।

- ਡਾ. ਸੁਖਪਾਲ ਸਿੰਘ

# ਖੇਤੀ ਮਾਡਲ ਦੁਆਰਾ ਉਤਪਨ ਕੀਤੀਆਂ ਤਰਾਸ਼ਦੀਆਂ

*ਪੰਜਾਬ ਦੀ ਆਰਥਿਕਤਾ ਦੇ ਸਵਾਲ ਨੂੰ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਰੱਖਣ ਵਾਲੇ ਸੰਜੀਦਾ ਵਿਦਵਾਨਾਂ ਵਿਚੋਂ ਡਾ. ਸੁਖਪਾਲ ਆਪਣਾ ਅਹਿਮ ਸਥਾਨ ਰੱਖਦੇ ਹਨ। ਇਨ੍ਹਾਂ ਨੇ ਆਪਣੇ ਖੋਜ ਕਾਰਜਾਂ ਨੂੰ ਸਿਰਫ਼ ਦਫ਼ਤਰੀ ਅਤੇ ਅੰਕੜਿਆਂ ਦੇ ਹੇਰ ਫੇਰ ਤੱਕ ਹੀ ਸੀਮਤ ਨਹੀਂ ਰੱਖਿਆ ਬਲਕਿ ਇਹ ਖੁਦ ਲੋਕਾਂ ਦੇ ਜੀਵਨ ਪੱਧਰ ਦੇ ਹਰੇਕ ਪਹਿਲੂ ਨੂੰ ਬੜੇ ਨਿਰਕੇ ਦੇਖਦੇ ਹਨ ਅਤੇ ਪੰਜਾਬ ਵਿਚ ਵਿਸ਼ੇਸ਼ ਕਰਕੇ ਮਾਲਵੇ ਦੇ ਖੇਤਰ ਦੇ ਵੱਡੇ ਹਿੱਸੇ ਉਪਰ ਕੇਂਦਰਤ ਕਰਕੇ ਇਨ੍ਹਾਂ ਨੇ ਅਜੋਕੇ ਵਿਕਾਸ ਮਾਡਲ ਦੇ ਭਿਆਨਕ ਨਤੀਜੇ ਜਿਨ੍ਹਾਂ ਵਿਚ ਪੰਜਾਬ ਦੀ ਸ਼ਾਨਦਾਰ ਮਨੁੱਖੀ ਸ਼ਕਤੀ ਦਾ ਖੁਦਕਸ਼ੀਆਂ ਦੇ ਰਾਹ ਪੈ ਜਾਣਾ ਹੈ, ਉਸ ਉਪਰ ਕਾਰਜ ਕਰਦਿਆਂ ਇਹ ਨਤੀਜਾ ਕੱਢਿਆ ਹੈ ਕਿ ਜਿਥੇ ਜੀਵਨ ਦੇ ਵੱਖ ਵੱਖ ਪਹਿਲੂਆਂ ਵਿਚੋਂ ਲੋਕਾਂ ਦੇ ਸੁੱਖ ਆਰਾਮ ਉਰਦੇ ਜਾ ਰਹੇ ਹਨ ਉਸਦੇ ਨਾਲ ਹੀ ਉਨ੍ਹਾਂ ਉਪਰ ਲਗਾਤਾਰ ਕਰਜ਼ੇ ਦਾ ਬੋਝ ਵਧਦਾ ਜਾ ਰਿਹਾ ਹੈ। ਕਰਜ਼ੇ ਦੀ ਪੰਡ ਨਾ ਸਹਾਰਦੇ ਹੋਏ ਇਸ ਸੋਹਣੇ ਸੰਸਾਰ ਤੋਂ ਅਜੋਕੀ ਭਿਆਨਕ ਸਥਿਤੀ ਵਿਚ ਰਹਿਣ ਤੋਂ ਆਪਣੇ ਆਪ ਨੂੰ ਨਾ ਕਾਬਲ ਸਮਝਦੇ ਹੋਏ ਅਤੇ ਅਜੋਕੇ ਵਿਕਾਸ ਮਾਡਲ ਤੋਂ ਸਤਾਏ ਹੋਏ ਲੋਕ ਖੁਦਕਸ਼ੀਆਂ ਵੱਲ ਨੂੰ ਵੱਧਦੇ ਹਨ। ਹਾਲਾਂਕਿ ਪੰਜਾਬ ਦਾ ਇਤਿਹਾਸ ਸੰਘਰਸ਼ਾਂ, ਦੁੱਖਾਂ, ਲੜਾਈਆਂ ਅਤੇ ਬਹਾਦਰੀਆਂ ਦਾ ਇਤਿਹਾਸ ਰਿਹਾ ਹੈ। ਮਾੜੀਆਂ ਤੋਂ ਮਾੜੀਆਂ ਸਥਿਤੀਆਂ ਵਿਚ ਵੀ ਲੋਕ ਇਥੋਂ ਤੱਕ ਗ਼ਦਰੀ ਬਾਬੇ ਆਪਣੀਆਂ ਸੁੱਖ ਸਹੂਲਤਾਂ ਨੂੰ ਛੱਡ ਕੇ ਮਾੜੇ ਹਾਲਾਤਾਂ ਵਿਚ ਵੀ ਇਕ ਗ਼ਦਰ ਦੀ ਗੂੰਜ ਗਜਾਉਂਦੇ ਰਹੇ ਅਤੇ ਲੋਕਾਂ ਨੂੰ ਸੰਘਰਸ਼ਾਂ ਲਈ ਪ੍ਰੇਰਦੇ ਰਹੇ। ਇਸੇ ਤਰ੍ਹਾਂ ਇਤਿਹਾਸ ਦੇ ਵੱਖ ਵੱਖ ਸਮਿਆਂ ਵਿਚੋਂ ਜਦੋਂ ਵੀ ਪੰਜਾਬ ਗੁਜ਼ਰਿਆ ਹੈ ਉਸ ਨੇ ਹਰ ਚੁਣੌਤੀ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਰ ਕੀਤਾ ਹੈ। ਪ੍ਰੰਤੂ ਇੰਨੀ ਸਮਝਦਾਰੀ ਅੱਜ ਪੰਜਾਬ ਵਿਚੋਂ ਗਾਇਬ ਹੋ ਗਈ ਹੈ ਕਿ ਇਕ ਪੰਜਾਬੀ ਖੁਦਕਸ਼ੀ ਦੇ ਰਾਹ ਤੁਰ ਪਿਆ ਹੈ। ਇਸ ਦੇ ਵੱਖ-ਵੱਖ ਪਹਿਲੂਆਂ ਨੇ ਡਾ. ਸੁਖਪਾਲ ਨੇ ਆਪਣੇ ਖੋਜਕਾਰਜਾਂ ਰਾਹੀਂ ਪ੍ਰਸਤੁਤ ਕਰਦਿਆਂ ਕਈ ਹੋਰ ਪਹਿਲੂ ਵੀ ਸਾਹਮਣੇ ਲਿਆਂਦੇ ਪਰ ਸਭ ਤੋਂ ਵੱਡਾ ਇਹ ਪਹਿਲੂ ਉਭਰਕੇ ਸਾਹਮਣੇ ਆਇਆ ਕਿ ਕਿਸਾਨ ਮੁੱਖ ਤੌਰ 'ਤੇ ਪੁਰਾਤਨ ਕਿਸਮ ਦੇ ਸੂਦਖੋਰੀ ਅਤੇ ਆੜ੍ਹਤੀ ਸਿਸਟਮ ਵਿਚ ਜਕੜਿਆ ਹੋਣ ਕਰਕੇ ਲਗਾਤਾਰ ਕਰਜ਼ੇ ਦੇ ਜਾਲ ਵਿਚੋਂ ਨਿਕਲਣ ਦੀ ਥਾਂ ਫਸਦਾ ਤੁਰਿਆ ਗਿਆ। ਅੱਜ ਵੀ ਹਾਲਤ ਇਹ ਹੈ ਕਿ ਸਰਕਾਰਾਂ ਆੜ੍ਹਤੀਆਂ ਨੂੰ ਹੀ ਹੱਲਾਸ਼ੇਰੀ ਦੇ ਰਹੀਆਂ ਹਨ। ਉਨ੍ਹਾਂ ਦੀ ਥਾਂ 'ਤੇ ਲੋਕਾਂ ਨੂੰ ਕਿਸੇ ਸੰਚਾਰੂ ਢੰਗ ਦੇ ਲੈਣ-ਦੇਣ ਵਾਲੇ ਰਸਤੇ ਉਪਰ ਨਹੀਂ ਤੋਰ ਰਹੀਆਂ। ਡਾ. ਸੁਖਪਾਲ ਨੇ ਆਪਣੀ ਖੋਜ ਪੰਜਾਬ ਵਿਚ ਕਮਿਸ਼ਨ ਏਜੰਟਾਂ ਰਾਹੀਂ ਤਬਾਹ ਹੋਏ ਕਿਸਾਨਾਂ ਉਪਰ ਕੀਤਾ ਹੈ। ਇਸ ਖੋਜਕਾਰਜ ਨੇ ਪੰਜਾਬ ਦੀ ਰਾਜਨੀਤੀ ਵਿਚ ਵੀ ਕਈ ਪੱਖਾਂ ਤੋਂ ਬਹਿਸ ਛੇੜੀ ਹੈ। ਸੋ ਡਾ. ਸੁਖਪਾਲ ਵਰਗੇ ਪ੍ਰਤੀਬੱਧ ਚਿੰਤਕ ਦੇ ਕਾਰਜ ਨੂੰ ਉਚਿਆਉਣ ਹਿੱਤ ਅਸੀਂ ਉਨ੍ਹਾਂ ਦੀ ਇਹ ਇਕ ਲਿਖਤ ਤੁਹਾਡੇ ਸਨਮੁਖ ਕਰ ਰਹੇ ਹਾਂ।*

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਸੱਠਵਿਆਂ ਵਿੱਚ ਲਾਗੂ ਕੀਤੇ ਹਰੀ ਕ੍ਰਾਂਤੀ ਦੇ ਮਾਡਲ ਨੇ ਕਿਸਾਨਾਂ ਦੀ ਆਰਥਕ ਦਸ਼ਾ ਵਿੱਚ ਲਗਭੱਗ ਦੋ ਦਹਾਕੇ ਕੁੱਝ ਸੁਧਾਰ ਕੀਤਾ ਉਸ ਤੋਂ ਬਾਅਦ ਆਰਥਕ ਦਸ਼ਾ ਵੀ ਕਾਫ਼ੀ ਖਰਾਬ ਹੋ ਗਈ ਅਤੇ ਮਨੁੱਖੀ ਸਿਹਤ ਦਾ ਵੀ ਘਾਣ ਹੋਣਾ ਸ਼ੁਰੂ ਹੋ ਗਿਆ। ਕੁਦਰਤੀ ਸੋਮਿਆਂ ਦਾ ਖਾਤਮਾ ਅਤੇ ਵਾਤਾਵਰਨ ਵਿੱਚ ਪ੍ਰਦੂਸ਼ਨ ਵਰਗੀਆਂ ਅਲਾਮਤਾਂ ਨੇ ਮਨੁੱਖੀ ਸਿਹਤ ਵਿੱਚ ਵਿਗਾੜ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਪੰਜਾਬ ਦਾ ਅੰਨਦਾਤਾ ਸਿਰਫ਼ ਕਰਜ਼ੇ ਦੇ ਚੱਕਰ ਵਿੱਚ ਫਸਕੇ ਆਤਮ-ਹੱਤਿਆਵਾਂ ਦੇ ਰਸਤੇ ਹੀ ਨਹੀ ਪਿਆ ਸਗੋ ਆਪਣੀ ਸਿਹਤ ਵੀ ਗੁਆ ਬੈਠਾ ਹੈ। ਹੁਣ ਸਿਰਫ਼ ਕਿਸਾਨ ਹੀ ਨਹੀਂ ਸਗੋਂ ਪੇਂਡੂ ਅਤੇ ਸ਼ਹਿਰੀ ਵਸੋਂ ਵੀ ਭਿਆਨਕ ਬਿਮਾਰੀਆਂ ਦੀ ਮਾਰ ਹੇਠ ਆ ਗਈ ਹੈ। ਜਿਨ੍ਹਾਂ



ਦਿਲ ਹੀ ਉਦਾਸ ਹੈ ਬਾਕੀ ਸਭ ਖ਼ੈਰ ਏ



ਕੈਂਸਰ ਨਾਲ ਗਰੱਸੇ ਪੰਜਾਬ ਦੀ ਮਾਲਵਾ ਬੈਲਟ ਦੇ ਲੋਕ ਆਪਣਾ ਸਸਤਾ ਇਲਾਜ ਕਰਵਾਉਣ ਲਈ ਰਾਜਸਥਾਨ ਵੱਲ ਟਰੇਨ ਰਾਹੀਂ ਜਾਂਦੇ ਹੋਏ। ਜਿਸ ਨੂੰ ਕੈਂਸਰ ਟਰੇਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਵਿੱਚ ਕੈਂਸਰ ਸਭ ਤੋਂ ਖ਼ਤਰਨਾਕ ਬੀਮਾਰੀ ਹੈ। ਹਰੀ ਕ੍ਰਾਂਤੀ ਦੇ ਸ਼ੁਰੂ ਤੋਂ ਪਹਿਲਾਂ ਲੋਕਾਂ ਨੂੰ ਇਸ ਬੀਮਾਰੀ ਬਾਰੇ ਚਿੱਤ-ਚੇਤਾ ਵੀ ਨਹੀਂ ਸੀ। ਅੱਜ ਸ਼ਾਇਦ ਹੀ ਅਜਿਹਾ ਕੋਈ ਵਿਅਕਤੀ ਹੋਵੇ ਜਿਸ ਦਾ ਕੋਈ ਪਿਆਰਾ ਜਾਂ ਰਿਸ਼ਤੇਦਾਰ ਜਾਂ ਯਾਰ-ਮਿੱਤਰ ਇਸ ਭਿਆਨਕ ਬੀਮਾਰੀ ਦੀ ਲਪੇਟ ਵਿੱਚ ਨਾ ਆਇਆ ਹੋਵੇ। ਦੁਨੀਆ ਵਿੱਚ ਇਸ ਵੇਲੇ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਸਭ ਤੋਂ ਵੱਧ ਮੌਤਾਂ ਹੋ ਰਹੀਆ ਹਨ। ਅੱਜ ਕੇਵਲ ਕੈਂਸਰ ਨਾਲ ਹੁੰਦੀਆਂ ਮੌਤਾਂ ਦੀ ਗਿਣਤੀ, ਦੁਨੀਆਂ ਦੀਆ ਤਿੰਨ ਵੱਡੀਆਂ ਬੀਮਾਰੀਆਂ ਏਡਜ਼, ਤਪਦਿਕ ਅਤੇ ਮਲੇਰੀਆ ਨਾਲ ਮਿਲਾਕੇ ਹੋਈਆ ਮੌਤਾਂ ਦੀ ਗਿਣਤੀ ਨਾਲੋਂ ਵੀ ਕਿਤੇ ਵੱਧ ਹੈ। ਇਨ੍ਹਾਂ ਵਿਅਕਤੀਆਂ ਵਿੱਚ ਦੋ-ਤਿਹਾਈ ਮੌਤਾਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੁੰਦੀਆਂ ਹਨ। ਤੁਸੀਂ ਜਾਣਕੇ ਹੈਰਾਨ ਹੋਵੋਗੇ ਕਿ ਕੈਂਸਰ ਨਾਲ ਹਰ ਸਾਲ ਹੋਈਆਂ ਮੌਤਾਂ ਦੀ ਗਿਣਤੀ ਸਵਿਟਜ਼ਰਲੈਂਡ ਦੀ ਕੁੱਲ ਵੱਸੋਂ ਤੋਂ ਵੱਧ ਹੈ। ਭਾਵ ਹਰ ਸਾਲ ਇੱਕ ਸਵਿਟਜ਼ਰਲੈਂਡ ਕੈਂਸਰ ਦੀ ਭੇਟ ਚੜ ਜਾਂਦਾ ਹੈ।

ਭਾਰਤ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ! ਇਸ ਵੇਲੇ 30 ਲੱਖ ਕੈਂਸਰ ਮਰੀਜ਼ ਹਨ ਅਤੇ ਹਰ ਸਾਲ 8ਲੱਖ ਮਰੀਜ ਨਵੇਂ ਸ਼ਾਮਲ ਹੋ ਜਾਦੇ ਹਨ। ਇਸ ਸਾਲ ਕੈਂਸਰ ਨਾਲ 4 ਲੱਖ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਹਿਸਾਬ ਨਾਲ ਭਾਰਤ ਵਿਚ ਹਰ ਚਾਰ ਮਿੰਟਾਂ ਵਿੱਚ 3 ਵਿਅਕਤੀ ਕੈਂਸਰ ਦੀ ਬਲੀ ਚੜ ਜਾਂਦੇ ਹਨ। ਪੀ ਜੀ ਆਈ ਚੰਡੀਗੜ ਵਿੱਚ ਨਵੇਂ ਆ ਰਹੇ ਲਗਪਗ 6000 ਕੈਂਸਰ ਮਰੀਜਾਂ ਵਿਚੋਂ, ਇਕੱਲੇ ਪੰਜਾਬ ਦੇ 1500 ਕੈਂਸਰ ਪੀੜਤ ਹੁੰਦੇ ਹਨ।

ਹਰੀ ਕ੍ਰਾਂਤੀ ਦੇ ਮਾਡਲ ਦੀਆਂ ਪਰਤਾਂ ਦਾ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਇਸ ਮਾਡਲ ਨੂੰ ਲਾਗੂ ਕਰਨ ਦਾ ਮੁੱਖ ਮੰਤਵ ਸਿਰਫ਼ ਖੇਤੀ ਵਿਕਾਸ ਕਰਨਾ ਹੀ ਨਹੀਂ ਸੀ ਸਗੋਂ ਦੁਨੀਆਂ ਦੀ ਅਰਥ ਵਿਵਸਥਾ ਵਿੱਚ ਹੋ ਰਹੀ ਉਥਲ ਪੁਥਲ ਰੋਕਣਾ ਸੀ। ਦੂਸਰੇ ਸੰਸਾਰ ਯੁੱਧ ਤੋਂ ਬਾਅਦ ਸੰਸਾਰ ਅਰਥ ਵਿਵਸਥਾ ਵਿੱਚ ਅੰਨ ਦੀ ਥੁੜ ਸੀ ਅਤੇ ਰਾਜਸੀ ਅਨਿਸਚਿਤਤਾ ਬਣ ਗਈ। ਕਈ ਦੇਸਾਂ ਵਿੱਚ ਰਾਜਸੀ ਤਬਦੀਲੀਆਂ ਹੋ ਚੁੱਕੀਆਂ ਸਨ ਅਤੇ ਕਈਆਂ ਵਿੱਚ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਸਨ। ਇਸੇ ਸਮੇਂ ਵਿੱਚ ਯੂ. ਐੱਨ. ਓ. ਬਣੀ। ਰਸਾਇਣਾਂ ਤੋਂ ਐਟਮੀ ਸ਼ਕਤੀ ਵੱਲ ਝੁਕਾਅ ਹੋਇਆ। ਅਮਰੀਕਾ ਵਿੱਚ ਰਸਾਇਣ ਦੀ ਵਰਤੋਂ ਦਾ ਕਾਫ਼ੀ ਵਿਰੋਧ ਹੋਇਆ। 1962 ਵਿੱਚ ਰਸੇਲ ਕਰਸਨ ਨੇ ਆਪਣੀ ਪੁਸਤਕ 'ਚੁੱਪ ਬਸੰਤ' (Silent Spring) ਵਿੱਚ ਅਮਰੀਕਾ ਵਿੱਚ ਚਲ ਰਹੇ ਰਸਾਇਣ ਮਾਡਲਾਂ ਦਾ ਵਿਰੋਧ ਕੀਤਾ। ਰਸਾਇਣ ਦੀ ਵਰਤੋਂ ਕਰਨ ਜਾਂ ਨਾ ਕਰਨ ਸੰਬੰਧੀ ਭਰਵੀਂ ਬਹਿਸ ਹੋਈ। ਅਖੀਰ ਵਿੱਚ ਸਿੱਟਾ ਨਿਕਲਿਆ ਕਿ ਰਸਾਇਣਾਂ ਦੀ ਵੇਚ ਲਈ ਕੋਈ ਹੋਰ ਮੰਡੀ ਤਲਾਸ਼ੀ ਜਾਵੇ। ਨੋਬਲ ਇਨਾਮ ਜੇਤੂ ਨਾਰਮਨ ਬੋਰਲੋਗ ਨੇ 1967 ਵਿੱਚ ਦਿੱਲੀ ਵਿੱਚ ਕਿਹਾ ਕਿ ਉਜੇ ਮੈਂ ਐੱਮ. ਪੀ. ਹੁੰਦਾ, ਹਰ 15 ਮਿੰਟ ਬਾਅਦ ਆਪਣੀ ਸੀਟ ਤੋਂ ਉਛੱਲ-2 ਕੇ ਬੋਲਦਾ ਖਾਦ-ਖਾਦ-ਖਾਦ, ਇਸੇ ਨਾਲ ਸਾਨੂੰ ਭੋਜਨ ਮਿਲੇਗਾ"। ਭਾਵ ਅਮਰੀਕਾ ਵਰਗੇ ਦੇਸ਼ ਚਾਹੁੰਦੇ ਸਨ ਕਿ ਭਾਰਤ ਵਰਗੇ ਦੇਸ਼ਾਂ ਦੀਆਂ ਵੱਡੀਆਂ ਮੰਡੀਆਂ ਵਿੱਚ ਆਪਣੀਆਂ ਰਸਾਇਣਕ ਖਾਦਾਂ ਵੇਚੀਆਂ ਜਾਣ ਕਿਉਂਕਿ ਇਕ ਤਾਂ ਵਿਕਸਤ ਦੇਸ਼ਾਂ ਦੇ ਕਾਰਖਾਨੇ ਬੰਦ ਹੋਣ ਦਾ ਡਰ ਸੀ ਦੂਸਰਾ ਪਛੜੇ ਦੇਸ਼ਾਂ ਵਿੱਚ ਭੁੱਖਮਰੀ ਫੈਲਣ ਦਾ ਵੀ ਖਦਸ਼ਾ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਆਖਰ ਪੰਜਾਬ ਨੂੰ ਹਰੀ ਕ੍ਰਾਂਤੀ ਦੀਆਂ ਮੁਢਲੀਆਂ ਕਤਾਰਾਂ ਵਿੱਚ ਕਿਉਂ ਰੱਖਿਆ ਗਿਆ। ਸਭ ਤੋਂ ਵੱਡਾ ਕਾਰਨ ਇਥੇ ਮਾਲਕ ਕਿਸਾਨੀ ਦਾ ਹੋਣਾ ਸੀ ਜੋ ਖੇਤੀ ਵਿੱਚ ਪੈਸੇ ਨਿਵੇਸ਼ ਕਰਕੇ ਜ਼ਮੀਨ ਵਿੱਚ ਸੁਧਾਰ ਅਤੇ ਖੇਤੀ ਵਿੱਚ ਸਥਿਰ ਸਾਧਨ ਉਸਾਰ ਸਕਦੀ ਸੀ। ਇਥੋਂ ਦੇ

ਕੁਦਰਤੀ ਸਾਧਨਾਂ ਜਿਵੇਂ ਖੇਤੀ ਲਈ ਯੋਗ ਪਾਣੀ ਦੀ ਉਪਲਭਤਾ ਅਤੇ ਉਪਜਾਊ ਜ਼ਮੀਨ ਦਾ ਹੋਣਾ ਵੀ ਹਰੀ ਕ੍ਰਾਂਤੀ ਦੇ ਮਾਡਲ ਲਈ ਜ਼ਰੂਰੀ ਸੀ। ਪੰਜਾਬ ਦੇ ਮਿਹਨਤੀ ਅਤੇ ਉਦਮੀ ਕਿਸਾਨਾਂ ਨੇ ਇਸ ਮਾਡਲ ਨੂੰ ਲਾਗੂ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਹਰੀ ਕ੍ਰਾਂਤੀ ਦਾ ਇਹ ਮਾਡਲ ਸਿਰਫ ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਸੀ ਅਤੇ ਰਾਜਸੀ ਮੰਤਵਾਂ ਕਰਕੇ ਅਫ਼ਰੀਕਾ ਦੇ ਭੁੱਖਮਰੀ ਵਿਚ ਰਹਿ ਰਹੇ ਦੇਸ਼ਾਂ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਸਵਾਲ ਸਿਰਫ਼ ਭੁੱਖਮਰੀ ਖਤਮ ਕਰਨ ਦਾ ਨਹੀਂ ਸਗੋਂ ਰਾਜਸੀ ਸਥਿਰਤਾ ਬਣਾਉਂਦੇ ਹੋਏ ਆਪਣੀ ਮੰਡੀ ਤਲਾਸ਼ਣ ਦਾ ਸੀ।

ਭਾਰਤ ਵਿੱਚ ਜਿਹੜੇ-ਜਿਹੜੇ ਸੂਬਿਆਂ ਵਿੱਚ ਇਸ ਮਾਡਲ ਨੂੰ ਲਾਗੂ ਕੀਤਾ ਗਿਆ ਉਹੀ ਸੂਬੇ ਅੱਜ ਗੰਭੀਰ ਆਰਥਕ ਸੰਕਟ ਦਾ ਸ਼ਿਕਾਰ ਹਨ।ਅੱਜ ਹਰੀ ਕ੍ਰਾਂਤੀ ਦੀ ਬੈਲਟ ਜਾਣੇ ਜਾਂਦੇ ਮੁੱਖ ਸੂਬੇ ਜਿਵੇਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਪੰਜਾਬ ਦੇ ਕਿਸਾਨ ਕਰਜ਼ਈ ਹੋਕੇ ਆਤਮ-ਹੱਤਿਆਵਾਂ ਕਰ ਰਹੇ ਹਨ। ਭਾਰਤ ਵਿੱਚ ਹਰ ਰੋਜ਼ 48 ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਇਨਾਂ ਵਿੱਚੋਂ ਵੱਡੀ ਗਿਣਤੀ ਕਿਸਾਨ ਹਰੀ ਕ੍ਰਾਂਤੀ ਦੇ ਇਲਾਕੇ ਦੇ ਵਾਸੀ ਹਨ।ਇਨ੍ਹਾਂ ਇਲਾਕਿਆਂ ਵਿੱਚ ਹੀ ਮਨੁੱਖੀ ਸਿਹਤ ਅਤੇ ਵਾਤਾਵਰਨ ਉੱਪਰ ਮਾੜੇ ਪ੍ਰਭਾਵਾਂ ਦਾ ਅਸਰ ਵਿਖਾਈ ਦੇ ਰਿਹਾ ਹੈ।

ਹਰੀ ਕ੍ਰਾਂਤੀ ਦੇ ਇਸ ਮਾਡਲ ਨੂੰ ਲਾਗੂ ਕਰਨ ਵਿੱਚ ਮੁੱਖ ਊਣਤਾਈਆਂ ਇਹ ਸਨ ਕਿ ਇਸ ਮਾਡਲ ਤੋਂ ਹੋਣ ਵਾਲੇ ਪ੍ਰਭਾਵਾਂ ਦਾ ਅਗਾਊਂ ਅਧਿਐਨ ਨਹੀਂ ਕੀਤਾ ਗਿਆ। ਕਿਸੇ ਮਾਡਲ ਨੂੰ ਲਾਗੂ ਕਰਨ ਤੋਂ ਪਹਿਲਾਂ ਸਮੱਸਿਆਵਾਂ ਨੂੰ ਭਿਆਨਕ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਇਸ ਤੋਂ ਬਾਦ ਸਮੱਸਿਆ ਦੇ ਹੱਲ ਦੀ ਆੜ ਵਿੱਚ ਇਸ ਮਾਡਲ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਕਿ ਮਾਡਲ ਦੇ ਲੰਬੇ ਸਮੇਂ ਬਾਅਦ ਹੋਣ ਵਾਲੇ ਸੰਭਾਵਿਤ ਮਾਰੂ ਅਸਰਾਂ ਦੇ ਅਧਿਐਨ ਦੀ ਮੰਗ ਕਰਨ ਦਾ ਬੁੱਧੀਜੀਵੀ ਜਾਂ ਕੋਈ ਸੰਸਥਾ ਹੌਸਲਾ ਨਾ ਕਰ ਸਕੇ। ਜਿਵੇਂ ਅੱਜ ਨਰਮੇ ਦੀ ਫ਼ਸਲ ਫੇਲ੍ਹ ਹੋਣ ਤੋਂ ਬਾਅਦ ਬੀ.ਟੀ. ਨਰਮੇ ਦੀ ਖੇਤੀ ਰਾਹੀਂ ਸਿਰਫ਼ ਉਤਪਾਦਿਕਤਾ ਨੂੰ ਹੀ ਮੁੱਖ ਰੱਖਿਆ ਜਾ ਰਿਹਾ ਹੈ ਜਦੋਂ ਕਿ ਉਸ ਤੋਂ ਹੋਣ ਸਾਰੇ ਮਾਰੂ ਪ੍ਰਭਾਵਾਂ ਦਾ ਸਵਾਲ ਉਠਾਉਣ ਵਾਲਿਆਂ ਨੂੰ ਵਿਕਾਸ ਵਿਰੋਧੀ ਕਿਹਾ ਜਾ ਰਿਹਾ ਹੈ।ਠੀਕ ਇਸੇ ਤਰਾਂ ਹਰੀ ਕ੍ਰਾਂਤੀ ਦਾ ਮਾਡਲ ਲਾਗੂ ਕਰਨ ਸਮੇਂ ਵੀ ਅਨਾਜ ਦੀ ਥੁੜ ਨੂੰ ਮਹਾਂ ਸੰਕਟ ਦੇ ਤੌਰ 'ਤੇ ਪੇਸ਼ ਕੀਤਾ ਗਿਆ ਸੀ। ਇਸ ਮਾਡਲ ਵਿੱਚ ਸਿਰਫ਼ ਇੱਕ-ਦੋ (ਕਣਕ ਤੇ ਝੋਨਾ) ਫ਼ਸਲਾਂ ਦੀ ਖੇਤੀ ਤੇ ਜ਼ੋਰ ਦਿੱਤਾ ਗਿਆ।ਚਾਹੀਦਾ ਇਹ ਸੀ ਕਿ ਸਾਡੀਆਂ ਦੇਸੀ ਫ਼ਸਲਾਂ (Indigenous Crops) ਕਮਾਦ, ਮੱਕੀ, ਜਵਾਰ, ਗੁਆਰਾ, ਮੂੰਗਫਲੀ,ਦੇਸੀ ਕਣਕ, ਜੌਂ, ਛੋਲੇ ਅਤੇ ਦਾਲਾਂ ਆਦਿ ਉਪਰ ਖੋਜ ਕਰਕੇ ਇਨ੍ਹਾਂ ਨੂੰ ਹੀ ਵਿਕਸਤ ਕੀਤਾ ਜਾਂਦਾ।ਇਨ੍ਹਾਂ ਫਸਲਾਂ ਨੂੰ ਬਹੁਤ ਘੱਟ ਪਾਣੀ ਅਤੇ ਖਾਦਾਂ ਦੀ ਜਰੂਰਤ ਸੀ ਅਤੇ ਸਿਰਫ ਵਰਖਾ ਦੇ ਪਾਣੀ ਨਾਲ ਹੀ ਪੱਕ ਜਾਂਦੀਆ ਸਨ। ਇਸ ਤੋਂ ਇਲਾਵਾ ਇਨ੍ਹਾਂ ਉੱਪਰ ਬੀਮਾਰੀਆਂ ਅਤੇ ਕੀੜੇ-ਮਕੌੜਿਆਂ ਦਾ ਹਮਲਾ ਵੀ ਬਹੁਤ ਘੱਟ ਹੁੰਦਾ ਸੀ। ਇਹ ਫ਼ਸਲਾਂ ਹਜਾਰਾਂ ਸਾਲਾਂ ਤੋਂ ਸਾਡੇ ਖੇਤੀ ਸਿਸਟਮ ਵਿੱਚ ਪੈਦਾ ਹੋ ਰਹੀਆਂ ਸਨ ਅਤੇ ਲੱਖਾਂ ਹੀ ਮਾਰਾਂ ਝਲਦੀਆਂ ਹੋਈਆਂ ਲੰਬੇ ਸਮੇਂ ਤੋਂ ਹੋ ਰਹੀਆਂ ਸਨ।ਫ਼ਸਲੀ ਵਿਭਿਨਤਾ ਸੀ।ਜਿਸ ਨਾਲ ਕੀੜੇ ਅਤੇ ਬੀਮਾਰੀਆਂ ਨਾਲ ਜੇਕਰ ਕਿਸੇ ਫ਼ਸਲ ਦਾ ਨੁਕਸਾਨ ਵੀ ਹੁੰਦਾ ਸੀ ਤਾਂ ਸਾਰੀ ਖੇਤੀ ਨੂੰ ਨੁਕਸਾਨ ਤੋਂ ਬਚਾਓ ਹੋ ਜਾਂਦਾ ਸੀ। ਇਸ ਫ਼ਸਲੀ ਚੱਕਰ ਨਾਲ ਜਮੀਨ ਦੀ ਉਪਜਾਊ ਸ਼ਕਤੀ ਕਾਇਮ ਰਹਿੰਦੀ ਸੀ ਕਿਉਂਕਿ ਵੱਖ-ਵੱਖ ਫ਼ਸਲਾਂ ਵੱਖਰੇ-ਵੱਖਰੇ ਤੱਤਾਂ ਨੂੰ ਜਮੀਨ ਚੋਂ ਲੈਂਦੀਆਂ ਸਨ ਅਤੇ ਇੱਕ-ਦੂਜੇ ਦੀ ਪੂਰਤੀ ਵੀ ਕਰਦੀਆਂ ਰਹਿੰਦੀਆਂ ਸਨ।ਉਤਪਾਦਨ ਦੇ ਉਪਭੋਗ ਤੋਂ ਬਾਅਦ ਰੀ-ਸਾਈਕਲ ਵੀ ਹੁੰਦਾ ਰਹਿੰਦਾ ਸੀ।ਨਵੀਂਆਂ ਖਾਂਦਾ, ਰਸਾਇਣਾਂ ਅਤੇ ਜ਼ਹਿਰਾਂ ਨਾਲ ਮਿੱਤਰ ਕੀੜ ਅਤੇ ਜਨੌਰਾਂ ਦਾ ਖਾਤਮਾ ਹੋ ਗਿਆ। ਇਸ ਨਾਲ ਸਾਡੇ ਦੁਸ਼ਮਣ ਕੀੜੀਆਂ ਵਿੱਚ ਵਾਧਾ ਹੋਣ ਕਰਕੇ ਹੋਰ ਜ਼ਿਆਦਾ ਰਸਾਇਣਾਂ ਦੀ ਵਰਤੋਂ ਕਰਨੀ ਪੈ ਰਹੀ ਹੈ।ਜਿਹੜੀਆਂ ਉਤਪਾਦਨ ਲਾਗਤਾਂ ਵਧਾਉਣ ਦੇ ਨਾਲ-ਨਾਲ ਵਾਤਾਵਰਨ ਵਿੱਚ ਵਿਗਾੜ ਪੈਦਾ ਕਰਦੀਆਂ ਹਨ।

ਇਸ ਤੋਂ ਇਲਾਵਾ ਇਹ ਫ਼ਸਲਾਂ ਵਾਤਾਵਰਨ ਦੇ ਅਨੁਕੂਲ ਹੁੰਦਿਆਂ ਹੋਇਆਂ ਸਾਨੂੰ ਪੌਸ਼ਟਿਕ ਖੁਰਾਕ ਵੀ ਮੁਹੱਈਆ ਕਰਦੀਆਂ ਸਨ।ਨਵਾਂ ਮਾਡਲ਼ ਲਿਆਉਣ ਨਾਲ ਸਿਰਫ ਫਸਲ਼ੀ ਵਿਭਿੰਨਤਾ ਹੀ ਖਤਮ ਨਹੀ ਹੋਈ ਸਗੋਂ ਸਾਡਾ ਵਣਾਂ ਅਧੀਨ ਇਲਾਕਾ ਘੱਟਕੇ ਸਿਰਫ 6 ਪ੍ਰਤੀਸ਼ਤਹੀ ਰਹਿ ਗਿਆ ਹੈ ਜਦੋਂ ਕਿ ਵਾਤਾਵਰਨ ਨੂੰ ਠੀਕ ਰੱਖਣ ਲਈ ਇਹ ਇਲਾਕਾ 20 ਪ੍ਰਤੀਸ਼ਤ ਹੋਣਾ ਚਾਹੀਦਾ ਹੈ।ਇਸ ਗੱਲ ਉਪਰ ਸਪਰੀਮ ਕੋਰਟ ਨੇ ਵੀ ਤਵੱਜੋਂ ਦਿੱਤੀ ਸੀ ਅਤੇ ਵਿਸ਼ਵ ਵਪਾਰ ਸੰਸਥਾ ਵਿਚ ਵੀ ਇਸ ਗੱਲ ਨੂੰ ਵਿਚਾਰਿਆ ਗਿਆ ਸੀ। ਜੰਗਲੀ ਇਲਾਕਾ ਘਟਣ ਕਰਕੇ ਜੀਵ ਵਿਭਿੰਨਤਾ ਵੀ ਖਤਮ ਹੋ ਗਈ ਹੈ। ਸਾਡੇ ਬੱਚਿਆਂ ਨੂੰ ਹੁਣ ਖਰਗੋਸ਼, ਗਿੱਦੜ, ਹਿਰਨ ਡਿਸਕਵਰੀ ਚੈਨਲ 'ਤੇ ਵਿਖਾਈ ਦਿੰਦੇ ਹਨ। ਵਾਤਾਵਰਨ ਦੀ ਸ਼ੁੱਧਤਾ, ਸ਼ੁੱਧ ਹਵਾ ਅਤੇ ਸ਼ੁੱਧ ਪੌਣਪਾਣੀ ਦੀ ਚੰਗੇ ਮਨੁੱਖੀ ਜੀਵਨ ਲਈ ਅਹਿਮ ਜ਼ਰੂਰਤ ਹੈ। ਕੁਦਰਤੀ ਸਾਧਨਾਂ ਜਿਵੇਂ ਮਿੱਟੀ ਦੀ ਸਿਹਤ ਅਤੇ ਪਾਣੀ ਦੀ ਵਰਤੋਂ ਵੱਲ ਤਵੱਜੋਂ ਦੇਣ ਦੀ ਲੋੜ ਸੀ।ਉਲਟਾ ਫ਼ਸਲਾਂ ਦੇ ਨਵੇਂ ਪੈਟਰਨ ਨਾਲ ਧਰਤੀ ਹੇਠਲਾ ਪਾਣੀ ਖਰਾਬ ਹੋ ਗਿਆ। ਪੰਜਾਬ ਦੇ ਕੁੱਲ 137 ਪਾਣੀ ਦੇ ਬਲਾਕਾਂ ਵਿੱਚੋਂ 107 ਡਾਰਕ ਬਲਾਕ ਬਣ ਗਏ ਜਿਥੇ ਪਾਣੀ ਦੀ ਓਪਲਭਤਾ ਨੂੰ ਗੰਭੀਰ ਖ਼ਤਰਾ ਬਣ ਗਿਆ।

ਹਰੀ ਕ੍ਰਾਂਤੀ ਦੇ ਮਾਡਲ ਅਧੀਨ ਸਾਡੇ ਦੇਸ਼ੀ ਪਸ਼ੂਆਂ ਦੀ ਥਾਂ ਨਵੇਂ ਪਸ਼ੂਆਂ ਨੇ ਲੈ ਲਈ। ਸਾਹੀਵਾਲ ਅਤੇ ਰੈਡ ਸਿੰਧੀ ਗਾਵਾਂ ਸਾਡੀ ਧਰਤੀ ਦੀਆਂ ਜੰਮਪਲ ਮੰਨੀਆਂ ਜਾਂਦੀਆਂ ਹਨ। ਹਜ਼ਾਰਾਂ ਸਾਲਾਂ ਤੋਂ ਇਸੇ ਮੌਸਮ, ਪੌਣ ਪਾਣੀ ਅਤੇ ਭੌਤਿਕ ਹਾਲਤਾਂ ਵਿੱਚ ਰਹਿ ਰਹੀਆਂ ਹਨ। ਇਨਾਂ ਦੇ ਹੋਰ ਵਿਕਾਸ ਉਪਰ ਹੀ ਖੋਜ ਕਰਨੀ ਚਾਹੀਦੀ ਸੀ।ਨਵੇਂ ਪਸ਼ੂਆਂ ਜਿਵੇ ਅਮਰੀਕਨ ਗਾਵਾਂ ਆਦਿ ਨਾ ਤਾਂ ਵੱਧ ਗਰਮੀ ਨਾ ਜ਼ਿਆਦਾ ਸਰਦੀ ਸਹਾਰਦੀਆਂ ਹਨ। ਸਾਡੀਆਂ ਭੂਗੋਲਿਕ ਸਥਿਤੀਆ ਅਤੇ ਭੌਤਿਕ ਹਾਲਾਤ ਵਿੱਚ ਇਨ੍ਹਾਂ ਦਾ ਪਾਲਣ ਪੋਸ਼ਣ ਬੜਾ ਔਖਾ ਹੈ ਅਤੇ ਮਹਿੰਗਾ ਵੀ।ਲਾਜ਼ਮੀ ਹੈ ਕਿ ਇਨਾਂ ਦਾ ਪੁਸ਼ਤ ਦਰ ਪੁਸ਼ਤ ਜੀਵਤ ਰਹਿਣਾ ਹਮੇਸ਼ਾਂ ਖਤਰਾ ਬਣਿਆ ਰਹੇਗਾ। ਉਦੋਂ ਅਸੀਂ ਕੀਹਦੀ ਮਾਂ ਨੂੰ ਮਾਸੀ ਕਹਾਂਗੇ ਜਦੋਂ ਸਾਡੀਆਂ ਇਹ ਪੁਰਾਣੀਆਂ ਨਸਲਾਂ ਅਲੋਪ ਕਰ ਦਿੱਤੀਆਂ ਅਤੇ ਨਵੀਆਂ ਨਸਲਾਂ ਬੀਮਾਰੀਆਂ ਅਤੇ ਵਾਤਾਵਰਨ ਵਿੱਚ ਬਦਲਾਅ ਕਰਕੇ ਆਪਣੇ ਆਪ ਖਤਮ ਹੋ ਗਈਆਂ। ਨੇੜਲੇ ਭਵਿੱਖ ਵਿੱਚ ਕੁਝ ਵੱਧ ਦੁੱਧ ਲੈਣ ਲਈ ਹੀ ਅਸੀਂ ਆਉਣ ਵਾਲੀਆਂ ਪੀੜੀਆਂ ਦੀਆਂ ਨਸਲਾਂ ਖਤਮ ਕਰ ਰਹੇ ਹਾਂ। ਚਾਹੀਦਾ ਇਹ ਸੀ ਕਿ ਸਾਡੀਆਂ ਪੁਰਾਣੀਆਂ ਮੱਝਾਂ, ਗਾਵਾਂ ਦੀਆਂ ਨਸਲਾਂ ਵਿੱਚ ਸੁਧਾਰ ਕੀਤਾ ਜਾਂਦਾ, ਜਿਵੇਂ ਇਟਲੀ ਅਤੇ ਬ੍ਰਾਜ਼ੀਲ ਜਿਹੇ ਦੇਸ਼ਾਂ ਨੇ ਸਾਡੀਆਂ ਇਨਾਂ ਨਸਲਾਂ ਦਾ ਕਾਫੀ ਦੁਧ ਵਧਾ ਲਿਆ ਹੈ।

ਅਸਲ ਵਿੱਚ ਹਰੀ ਕ੍ਰਾਂਤੀ ਦੇ ਮਾਡਲ ਨੂੰ ਲਾਗੂ ਕਰਨ ਤੋਂ ਪਹਿਲਾਂ ਇਸ ਦਾ ਕਿਸਾਨਾਂ ਅਤੇ ਮੁੱਖ ਰੂਪ ਵਿੱਚ ਛੋਟੀ ਕਿਸਾਨੀ ਦੀ ਆਰਥਿਕਤਾ ਉੱਪਰ

ਪੈਣ ਵਾਲੇ ਪ੍ਰਭਾਵ ਦਾ ਅਧਿਐਨ ਨਹੀ ਕੀਤਾ ਗਿਆ।ਭਾਵ ਲੋਕਾਂ ਨੂੰ ਵੱਧ ਝਾੜ ਲੈਣ ਲਈ ਕੀਤੇ ਖਰਚਿਆਂ ਤੋਂ ਸ਼ੁੱਧ ਲਾਭ ਕਿੰਨੇ ਕੁ ਹੋਣਗੇ ਅਤੇ ਕਿੰਨਾ ਕੁ ਚਿਰ ਮਿਲਦੇ ਰਹਿਣਗੇ। ਪੇਂਡੂ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਅਤੇ ਸ਼ਹਿਰੀ ਖੇਤਰ ਵਿੱਚ ਰਹਿੰਦੇ ਹੋਰ ਤਬਕਿਆਂ ਦੇ ਰੁਜ਼ਗਾਰ ਅਤੇ ਉਪਜੀਵਕਤਾ ਦੀ ਸਥਿਤੀ ਕੀ ਹੋਵੇਗੀ।ਵੱਧ ਖਾਦਾਂ ਦੀ ਵਰਤੋਂ ਦਾ ਮਨੁੱਖੀ ਸਿਹਤ, ਵਾਤਾਵਰਨ ਅਤੇ ਕੁਦਰਤੀ ਸਾਧਨਾਂ ’ਤੇ ਕੀ ਪ੍ਰਭਾਵ ਪਵੇਗਾ।ਇਨ੍ਹਾਂ ਸਾਰੇ ਸਵਾਲਾਂ ਉਪੱਰ ਤਵੱਜੋ ਦੇ ਕੇ ਖੋਜ ਕਰਨੀ ਚਾਹੀਦੀ ਸੀ।ਜੋ ਨਹੀਂ ਕੀਤੀ ਗਈ।ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਗੰਭੀਰ ਸੰਕਟ ਵਿੱਚ ਪਹੁੰਚੀ ਅਰਥ ਵਿਵਸਥਾ ਨੂੰ ਕਿਵੇਂ ਠੀਕ ਕੀਤਾ ਜਾਵੇ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਾਡੇ ਦੇਸ਼ ਦੀ ਖੇਤੀ ਨੂੰ ਠੀਕ ਕੀਤਾ ਜਾਵੇ।ਕੁਲ ਬੱਜਟ ਵਿੱਚ ਖੇਤੀ ਦਾ ਹਿੱਸਾ ਲਗਾਤਾਰ ਘੱਟ ਰਿਹਾ ਹੈ। ਇਸ ਨੂੰ ਵਧਾਇਆ ਜਾਵੇ ਅਤੇ ਖੇਤੀ ਸੈਕਟਰ ਨੂੰ ਵਿਕਸਤ ਦੇਸ਼ਾਂ ਜਿੰਨੀਆਂ ਸਬਸਿਡੀਆਂ ਦਿੱਤੀਆਂ ਜਾਣ।ਇਸੇ ਤਰਾਂ ਜੋ ਸਿਹਤ ਓਪਰ ਖਰਚ ਕੀਤੇ ਜਾਂਦੇ ਬੱਜਟ ਵਿਚ ਵੀ ਲਗਾਤਾਰ ਕਮੀ ਕੀਤੀ ਜਾ ਰਹੀ ਹੈ ਉਸ ਵਿਚ ਲੋੜੀਂਦਾ ਵਾਧਾ ਕੀਤਾ ਜਾਵੇ।ਪੰਜਾਬ ਦੇ ਕੁੱਲ ਬੱਜਟ ਦਾ ਸਿਹਤ ਉਤੇ ਖਰਚ 1980-81 ਵਿਚ 5.49 % ਸੀ ਜੋ 1990-91 ਵਿੱਚ 4.32%, 2000-01 ਵਿੱਚ 5.44% ,2007-08ਵਿੱਚ 3.28 % ( 756 ਕਰੋੜ ਰੁਪਏ) ਸੀ।ਇਸ ਤੋ ਬਾਅਦ ਬਜਟ ਵਿੱਚ ਮਾਮੂਲੀ ਵਾਧਾ ਹੋਇਆ ਹੈ।2008-09 ਦੌਰਾਨ ਸਿਹਤ ਉਪਰ 829 ਕਰੋੜ ਰੁਪਏ ਖਰਚ ਕੀਤੇ ਗਏ ਜੋ ਕੁਲ ਬੱਜਟ ਦਾ 3.38 % ਬਣਦਾ ਹੈ ਅਤੇ 2009-10 ਵਿੱਚ 1142 ਕਰੋੜ ਰੁਪਏ (ਕੁਲ ਬੱਜਟ ਦਾ 3.86 %), 2010-11 ਵਿੱਚ 1281 ਕਰੋੜ ਰੁਪਏ (3.84%) ਰੱਖੇ ਗਏ ਸਨ।ਸਾਫ ਹੈ ਕਿ ਇਹ ਬਜਟ ਵੱਧ ਰਹੇ ਸਿਹਤ ਖਰਚਿਆਂ ਅਤੇ ਮਹਿੰਗੇ ਇਲਾਜ ਦੀ ਬਨਿਸਬਤ ਬਹੁਤ ਨਿਗੂਣੇ ਹਨ। ਇਸੇ ਕਰਕੇ ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਵਿੱਚ ਸਟਾਫ਼ ਦੀ ਬਹੁਤ ਘਾਟ ਹੈ। ਦਵਾਈਆਂ ਅਤੇ ਬਾਕੀ ਇਲਾਜ ਦੇ ਉਪਕਰਨ ਤਾਂ ਕਾਫੀ ਸਮੇਂ ਤੋਂ ਹੀ ਨਾ ਮਾਤਰ ਹਨ। ਜਿਉਂ-ਜਿਉਂ ਬਿਮਾਰੀਆਂ ਦਾ ਮਨੁੱਖੀ ਸਿਹਤ ’ਤੇ ਜ਼ਿਆਦਾ ਹਮਲਾ ਹੋਣਾ ਸ਼ੁਰੂ ਹੋਇਆ ਤਿਉਂ-ਤਿਉਂ ਸਰਕਾਰਾਂ ਸਿਹਤ ਬਜਟ ’ਤੇ ਕੱਟ ਲਾਉਂਦੀਆਂ ਚਲੀਆਂ ਗਈਆਂ ਜਿਸ ਨਾਲ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਬਹੁਤ ਮਹਿੰਗੇ ਇਲਾਜ ਕਰਵਾਉਣ ਲਈ ਜਾਣਾ ਪੈ ਰਿਹਾ ਹੈ। ਬਹੁਤੀਆਂ ਹਾਲਤਾਂ ਵਿੱਚ ਨੌਬਤ ਅਜਿਹੀ ਆਉਂਦੀ ਹੈ ਕਿ ਨਾ ਬੰਦਾ ਬਚਦਾ ਅਤੇ ਨਾ ਹੀ ਘਰ ਦੀ ਆਰਥਿਕਤਾ। ਰਾਸ਼ਟਰੀ ਅੰਕੜਾ ਸਰਵੇ ਸੰਸਥਾ (NSSO) ਅਨੁਸਾਰ ਪੰਜਾਬ ਸਰਕਾਰ ਸਿਹਤ ਉਪਰ 397 ਰੁਪਏ ਪ੍ਰਤੀ ਵਿਅਕਤੀ ਸਲਾਨਾ ਖਰਚ ਕਰ ਰਹੀ ਹੈ ਜਦ ਕਿ ਪੰਜਾਬ ਦੇ ਲੋਕ ਲਗਪਗ 2600 ਰੁਪਏ ਪ੍ਰਤੀ ਵਿਅਕਤੀ ਸਲਾਨਾ ਪ੍ਰਾਈਵੇਟ ਹਸਪਤਾਲਾਂ ਵਿੱਚ ਖਰਚ ਕਰ ਰਹੇ ਹਨ। ਸਾਫ ਹੈ ਕਿ ਇਲਾਜ ਹੁਣ ਸਰਕਾਰੀ ਨਹੀਂ ਸਗੋਂ ਪ੍ਰਾਈਵੇਟ ਹਸਪਤਾਲਾਂ ਵਿੱਚ ਹੀ ਹੋ ਰਿਹਾ ਹੈ।

ਜੇਕਰ ਸਰਕਾਰ ਨੇ ਇਸ ਖੇਤੀ ਮਾਡਲ ਨੂੰ ਲਾਗੂ ਕਰਕੇ ਲੋਕਾਂ ਦੀ ਆਰਥਿਕਤਾ ਅਤੇ ਸਿਹਤ ਦਾ ਨੁਕਸਾਨ ਕੀਤਾ ਹੈ ਤਾਂ ਉਸ ਦੀ ਜ਼ੁੰਮੇਵਾਰੀ ਵੀ ਇਹ ਬਣਦੀ ਸੀ ਕਿ ਉਹ ਮਨੁੱਖੀ ਸਿਹਤ ਨੂੰ ਠੀਕ ਕਰਨ ਲਈ ਵੱਡੇ ਪੱਧਰ ਉੱਪਰ ਪੈਸਾ ਖਰਚ ਕੇ ਲੋਕਾਂ ਨੂੰ ਬਿਲਕੁਲ ਮੁਫਤ ਇਲਾਜ ਦੀਆਂ ਸਹੂਲਤਾਂ ਪ੍ਰਦਾਨ ਕਰੇ। ਪੰਜਾਬ ਦੀ ਸਾਰੀ ਵਸੋਂ ਦਾ ਮੁਫਤ ਟੈਸਟ ਕੀਤਾ ਜਾਵੇ ਤਾਂ ਕਿ ਇਸ ਨਾ ਮੁਰਾਦ ਬੀਮਾਰੀ ਬਾਰੇ ਜਲਦੀ ਪਤਾ ਲੱਗ ਸਕੇ ਅਤੇ ਇਲਾਜ ਹੋ ਸਕੇ।ਸਾਰੇ ਪੰਜਾਬ ਅਤੇ ਮੁੱਖ ਤੌਰ ’ਤੇ ਮਾਲਵਾ ਪੱਟੀ, ਜਿਸ ਨੂੰ ਕੈਂਸਰ ਪੱਟੀ ਕਿਹਾ ਜਾਂਦਾ ਹੈ, ਦੀ ਮਿੱਟੀ, ਪਾਣੀ ਆਦਿ ਦੇ ਸੈਂਪਲ ਟੈਸਟ ਕੀਤੇ ਜਾਣ ਅਤੇ ਮਰੀਜਾਂ ਦਾ ਮੁਫਤ ਇਲਾਜ ਕੀਤਾ ਜਾਵੇ ਲੋਕਾਂ ਨੂੰ ਸਾਫ ਸਥੁਰਾ ਪਾਣੀ ਮੁਹਈਆ ਕਰਾਉਣ ਲਈ ਪੁਖਤਾ ਇੰਤਜਾਮ ਕੀਤੇ।ਜਾਣ ਕੈਂਸਰ ਦੀ ਭੇਂਟ ਚੜ ਚੁੱਕੇ ਵਿਅਕਤੀਆਂ ਦੇ ਪ੍ਰੀਵਾਰਾਂ ਨੂੰ ਭਾਰੀ ਮੁਆਵਜਾ ਦਿੱਤਾ ਜਾਵੇ ਤਾਂ ਕਿ ਉਹਨਾਂ ਦਾ ਪ੍ਰੀਵਾਰ ਆਪਣਾ ਜੀਵਨ ਨਿਰਬਾਹ ਕਰ ਸਕੇ। ਹਰ ਇੱਕ ਜ਼ਿਲ੍ਹਾ ਪੱਧਰ ’ਤੇ ਪੀ.ਜੀ.ਆਈ. ਵਰਗੀ ਸਰਕਾਰੀ ਸਿਹਤ ਸੰਸਥਾ ਖੋਲ੍ਹੀ ਜਾਵੇ ਜਿਸ ਵਿੱਚ ਕੈਂਸਰ ਵਰਗੀਆਂ ਨਾ ਮੁਰਾਦ ਬੀਮਾਰੀਆਂ ਦਾ ਇਲਾਜ ਮੁਫਤ ਕੀਤਾ ਜਾਵੇ। ਸਾਡੀਆਂ ਸਰਕਾਰਾਂ ਲਈ ਇਹ ਕਦਮ ਚੁੱਕਣੇ ਅਹਿਮ ਰੂਪ ’ਚ ਜ਼ਰੂਰੀ ਹਨ ਤਾਂ ਕਿ ਪੰਜਾਬ ਦੀ ਵਿਗੜ ਚੁੱਕੀ ਸਮੁੱਚੀ ਸਿਹਤ ਨੂੰ ਬਿਲਕੁਲ ਖਤਮ ਹੋਣ ਤੋਂ ਬਚਾਇਆ ਜਾ ਸਕੇ।ਪੰਜਾਬ ਦੀ ਮੌਜੂਦਾ ਆਰਥਿਕਤਾ, ਵਾਤਾਵਰਨ ਅਤੇ ਮਨੁੱਖੀ ਸਿਹਤ ਦੀ ਚਿੰਤਾਜਨਕ ਸਥਿਤੀ ਨੇ ਜਿਸ ਕਿਸਮ ਦੇ ਪੰਜਾਬ ਦੇ ਸੰਕਟਾਂ ਵਿਚ ਵਾਧਾ ਕੀਤਾ ਹੈ ਉਸ ਨੂੰ ਘਟਾਉਣ ਦੀ ਥਾਂ ਸਰਕਾਰ ਨੇ ਖੁੱਲ੍ਹੇ ਰੂਪ ਵਿਚ ਮੰਡੀ ਦੀ ਵਿਵਸਥਾ ਵਿਕਸਿਤ ਕਰਕੇ ਸਿਹਤ ਨੂੰ ਖਰੀਦਣ ਅਤੇ ਵੇਚਣ ਵਾਲੀ ਚੀਜ਼ ਦੇ ਤੌਰ ’ਤੇ ਬਣਾ ਦਿੱਤਾ ਹੈ। ਅਜੋਕੀ ਸਥਿਤੀ ਇਹ ਹੈ ਕਿ ਲਗਾਤਾਰ ਸਿਹਤ ਦੇ ਸਵਾਲ ’ਤੇ ਪਾੜਾ ਵਧਦਾ ਜਾ ਰਿਹਾ ਹੈ। ਜਮਾਤੀ ਕਿਸਮ ਦਾ ਇਲਾਜ ਪੰਜਾਬ ਵਿਚ ਹੋ ਰਿਹਾ ਹੈ ਜਿਸ ਕੋਲ ਪੈਸੇ ਦੀ ਬੌਲਿਕਤਾ ਹੈ ਉਹ ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਮੈਡੀਕਲ ਸਹੂਲਤਾਂ ਇਥੇ ਹੀ ਵੱਡੇ ਘਰਾਣਿਆਂ ਦੁਆਰਾ ਚਲਾਏ ਜਾਂਦੇ ਅਪੋਲੋ, ਫੋਰਟਿਸ ਵਰਗੇ ਹਸਪਤਾਲਾਂ ਤੋਂ ਲੈ ਰਿਹਾ ਹੈ ਅਤੇ ਉਪਰਲੀ ਮੱਧ ਵਰਗੀ ਜਮਾਤ ਵੱਖ ਵੱਖ ਸ਼ਹਿਰਾਂ ਵਿਚ ਖੁੱਲ੍ਹੇ ਨਿੱਜੀ ਹਸਪਤਾਲਾਂ ਤੋਂ ਸਹੂਲਤਾਂ ਲੈ ਰਹੇ ਹਨ। ਬਹੁਗਿਣਤੀ ਜਿਹੜੀ ਵਿਚ ਕਿਰਤ ਕਰਨ ਵਾਲੇ ਲੋਕ ਅਤੇ ਆਮ ਕਿਸਾਨ ਆਉਂਦੇ ਹਨ ਉਨ੍ਹਾਂ ਲਈ ਸਰਕਾਰ ਦੀਆਂ ਸਹੂਲਤਾਂ ਵਾਲੇ ਹਸਪਤਾਲ ਨਾ ਮਾਤਰ ਹੀ ਮਦਦਗਾਰ ਹੋ ਰਹੇ ਹਨ।21ਵੀਂ ਸਦੀ ਜਿਸ ਵਿਚ ਵਿਕਾਸ ਦੇ ਪੈਮਾਨਿਆਂ ਨੂੰ ਸਿਰਫ਼ ਆਰਥਿਕਤਾ ਦੇ ਅੰਕੜਿਆਂ ਨਾਲ ਹੀ ਨਹੀਂ ਤੋਲਿਆ ਜਾਂਦਾ ਬਲਕਿ ਲੋਕਾਂ ਦੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਪੱਧਰ ਨੂੰ ਦੇਖਕੇ ਵੀ ਮਾਪਿਆ ਜਾਂਦਾ ਹੈ।ਅੱਜ ਦਾ ਪੰਜਾਬ ਇਸ ਗੱਲੋਂ ਬੇਹੱਦ ਫਾਡੀ ਰਹਿ ਰਿਹਾ ਹੈ ਕਿ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਨਾ ਮਾਤਰ ਹੀ ਮਿਲ ਰਹੀਆਂ ਹਨ ਜਿਸ ਦੇ ਭਵਿੱਖ ਵਿਚ ਅਜੋਕੇ ਵਿਕਸਿਤ ਹੋਏ ਪੂੰਜੀਵਾਦੀ ਮਾਡਲ ਵਿਚ ਲਗਾਤਾਰ ਅਸੰਭਵ ਹੋ ਰਹੀਆਂ ਹਨ।ਲੋੜ ਇਸ ਗੱਲ ਦੀ ਹੈ ਕਿ ਸਿਹਤ ਵਰਗੇ ਅਹਿਮ ਸਵਾਲ ਨੂੰ ਅਜੋਕੀ ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਸਮਾਜਿਕ ਸਥਿਤੀ ਦੇ ਸੰਦਰਭ ਵਿਚ ਰੱਖ ਕੇ ਵਾਚਣ ਦੀ ਲੋੜ ਹੈ। ਇਸ ਕਿਸਮ ਦਾ ਆਰਥਿਕ ਮਾਡਲ ਵਿਕਸਿਤ ਕਰਨ ਲਈ ਮਾਹਿਰਾਂ, ਸੁਹਿਰਦ ਰਾਜਨੀਤੀਵਾਨਾਂ ਅਤੇ ਸਮਾਜ ਪ੍ਰਤੀ ਚੇਤੰਨ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਕਿ ਅਜੋਕੇ ਸੰਕਟਗ੍ਰਸਤ ਪੰਜਾਬ ਦਾ ਸਹੀ ਉਲੇਖ ਕਰਕੇ ਲੋਕਾਂ ਦੀਆਂ ਲੋੜਾਂ ਉਪਰ ਆਧਾਰਿਤ ਉਨ੍ਹਾਂ ਦੇ ਚੰਗੇ ਜੀਵਨ ਲਈ ਆਰਥਿਕਤਾ ਨੂੰ ਵਰਤਣ ਵਾਸਤੇ ਇਕ ਬਦਲਵਾਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਮਾਡਲ ਵਿਕਸਿਤ ਕਰਨ ਲਈ ਪਹਿਲ ਕਦਮੀ ਕਰਨੀ ਸਮੇਂ ਦੀ ਅਣਸਰਦੀ ਲੋੜ ਹੈ।ਹੁਣ ਸਥਿਤੀ ਇਹ ਹੈ ਕਿ ਜਿਸ ਕਿਸਮ ਨਾਲ ਪੰਜਾਬ ਆਪਣੀ ਲੀਹ ਤੋਂ ਲੱਥਾ ਹੋਇਆ ਹੈ ਇਕ ਸੰਕਟ ਦੂਸਰੇ ਸੰਕਟ ਨੂੰ ਜਨਮ ਦੇ ਰਿਹਾ ਹੈ ਉਸ ਸਮੇਂ ਜੇ ਪਹਿਲਕਦਮੀ ਨਾ ਕੀਤੀ ਗਈ ਤਾਂ ਪੰਜਾਬ ਦੀ ਹੋਰ ਅਣਹੋਣੀ ਨੂੰ ਕੋਈ ਨਹੀਂ ਰੋਕ ਸਕਦਾ।

- ਦਵਿੰਦਰ ਤੂਰ

# ਖੁੱਲ੍ਹੀ ਮੰਡੀ ਅਤੇ ਉਜਾੜੇ ਦਾ ਆਪਸੀ ਰਿਸ਼ਤਾ

ਜਿਸ ਕਿਸਮ ਨਾਲ 1990 ਤੋਂ ਬਾਅਦ ਦਾ ਦੌਰ ਦੁਨੀਆ ਭਰ 'ਚ ਸ਼ੁਰੂ ਹੋਇਆ ਇਸ ਕਿਸਮ ਦੀ ਸਮਝ ਵਿਸ਼ਵ ਬੈਂਕ ਅਤੇ ਆਈ ਐਮ ਐਫ ਨੇ ਦੁਨੀਆ ਭਰ ਵਿਚ ਪ੍ਰਚਾਰੀ ਕਿ ਹੁਣ ਦੁਨੀਆ ਦਾ ਵਿਕਾਸ ਚਾਹੇ ਉਹ ਅਮੀਰ ਮੁਲਕ ਹਨ ਅਤੇ ਚਾਹੇ ਪਛੜੇ ਹੋਏ ਹਨ ਉਨ੍ਹਾਂ ਨੂੰ ਖੁੱਲ੍ਹੀ ਮੰਡੀ ਦਾ ਰਸਤਾ ਅਪਣਾ ਕੇ ਚਲਣ ਨਾਲ ਹੀ ਹੋਵੇਗਾ। ਹੌਲੀ ਹੌਲੀ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਮੰਡੀ ਦੇ ਸਿਧਾਂਤ ਨੂੰ ਅਪਨਾਉਣਾ ਸ਼ੁਰੂ ਕੀਤਾ ਜਿਸ ਨਾਲ ਇਕ ਵਾਰੀ ਤਾਂ ਚਮਕ ਦਮਕ ਦਾ ਦੌਰ ਪਛੜੇ ਮੁਲਕਾਂ ਵਿਚ ਵੀ ਦੇਖਣ ਨੂੰ ਮਿਲਿਆ। ਵਸਤੂਆਂ ਦੀ ਬਹੁਤਾਤ ਅਤੇ ਨਵੇਂ ਕਿਸਮ ਦੀਆਂ ਮੰਡੀ ਦੀਆਂ ਵਸਤੂਆਂ ਲੋਕਾਂ ਦੇ ਦਿਲਾਂ 'ਤੇ ਦਿਮਾਗਾਂ 'ਤੇ ਛਾ ਗਈਆਂ। ਇਸ ਵਿਚ ਮੰਡੀ ਦੀ ਵਕਾਲਤ ਕਰਨ ਵਾਲੇ ਮੀਡੀਏ ਨੇ ਵੀ ਆਪਣਾ ਭਰਵਾਂ ਯੋਗਦਾਨ ਪਾਇਆ। ਤੱਤ ਰੂਪ ਵਿਚ ਮੀਡੀਆ ਮੰਡੀ ਦਾ ਉਹ ਵਿਚਾਰਧਾਰਕ ਹਥਿਆਰ ਬਣ ਗਿਆ ਜਿਸ ਨੇ ਬੜੀ ਤੇਜ਼ੀ ਨਾਲ ਲੋਕਾਂ ਦੇ ਮਨਾਂ 'ਤੇ ਕਬਜ਼ਾ ਕਰਕੇ ਮੰਡੀ ਵਾਲੀ ਸੋਚ ਅਤੇ ਸਮਝ ਨੂੰ ਲੋਕਾਂ ਦਾ ਹਿਸਾ ਬਣਾ ਦਿੱਤਾ। ਦੁਨੀਆ ਭਰ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਜਿਨ੍ਹਾਂ ਵਿਚ ਵਾਲਮਾਰਟ, ਕਾਸਟਕੋ, ਟੈਸਟੋ, ਸੀਅਰ ਹਨ। ਇਨ੍ਹਾਂ ਵਿਚ ਵਾਲਮਾਰਟ ਤਾਂ ਅਜਿਹਾ ਵੱਡਾ ਕਾਰਪੋਰੇਟ ਘਰਾਣਾ ਹੈ ਜਿਸ ਦਾ ਕੁੱਲ ਸਰਮਾਇਆ ਭਾਰਤ ਸਰਕਾਰ ਨਾਲੋਂ ਵੀ ਵੱਧ ਹੈ। ਜਿੰਨੀ ਭਾਰਤ ਦੇ 4.5 ਕਰੋੜ ਛੋਟੇ ਦੁਕਾਨਦਾਰਾਂ ਦੀ ਇਕ ਸਾਲ ਦੀ ਵਿਕਰੀ ਹੈ, ਉਨੀ ਹੀ ਵਿਕਰੀ ਇਸ ਕੰਪਨੀ ਦੀ ਹਰ ਸਾਲ ਕੇਵਲ ਅਮਰੀਕਾ ਵਿਚ ਹੈ। ਇਸ ਕੰਪਨੀ ਦਾ ਕੱਦਬੁੱਤ ਇਸ ਹੱਦ ਤੱਕ ਹੈ ਕਿ ਇਸ ਨੇ ਦੁਨੀਆ ਦੇ ਕਹਿੰਦੇ ਕਹਾਉਂਦੇ 53 ਮੁਲਕਾਂ ਵਿਚ ਆਪਣਾ ਜਾਲ ਵਿਛਾਇਆ ਹੋਇਆ ਹੈ। ਇਸ ਕੰਪਨੀ ਦਾ ਢੰਗ ਤਰੀਕਾ ਵੀ ਵਿਲੱਖਣ ਹੀ ਹੈ। ਇਹ ਜਿਥੇ ਜਾਂਦੀ ਹੈ ਸਭ ਤੋਂ ਪਹਿਲਾਂ ਦੋ-ਤਿੰਨ ਵਰ੍ਹੇ ਲੋਕਾਂ ਨੂੰ ਸਸਤਾ ਮਾਲ ਦੇ ਕੇ ਆਪਣਾ ਕਬਜ਼ਾ ਸਥਾਪਤ ਕਰਦੀ ਹੈ ਇਸ ਸਮੇਂ ਦੌਰਾਨ ਇਨ੍ਹਾਂ ਨਾਲ ਭਿੜ ਰਹੇ ਨਿੱਕੇ ਮੋਟੇ ਦੁਕਾਨਦਾਰ ਹੌਲੀ-ਹੌਲੀ ਖਤਮ ਹੋ ਜਾਂਦੇ ਹਨ। ਉਨ੍ਹਾਂ ਦੀ ਮੁਕਾਬਲਾ ਕਰਨ ਦੀ ਸਮਰੱਥਾ ਹੀ ਨਹੀਂ ਰਹਿੰਦੀ। ਹੌਲੀ ਹੌਲੀ ਇਹ ਆਪਣੀ ਪੂਰੀ ਅਜਾਰੇਦਾਰੀ ਸਥਾਪਤ ਕਰ ਲੈਂਦੀ ਹੈ। ਹੁਣ ਭਾਰਤ ਵਿਚ ਵੀ ਇਸ ਗੱਲ ਦਾ ਪਾਰਲੀਮੈਂਟ ਵਿਚ ਖੁੱਲ੍ਹੀ ਮੰਡੀ ਦੀ ਵਕਾਲਤ ਕਰਨ ਵਾਲੇ ਡਾ. ਮਨਮੋਹਨ ਸਿੰਘ ਅਤੇ ਮੋਨਟੇਕ ਸਿੰਘ ਆਹਲੂਵਾਲੀਆ ਨੇ ਫੈਸਲਾ ਕਰਨ ਵੱਲ ਨੂੰ ਕਦਮ ਪੁੱਟਿਆ ਹੈ। ਹਾਲਾਂਕਿ ਭਾਰਤ ਦੀਆਂ ਸਮੁੱਚੀਆਂ ਰਾਜਨੀਤਕ ਪਾਰਟੀਆਂ ਅਜੋਕੇ ਪੂੰਜੀਵਾਦੀ ਮਾਡਲ ਜਿਸ ਵਿਚ ਤੱਤ ਰੂਪ ਵਿਚ ਖੁੱਲ੍ਹੀ ਮੰਡੀ ਦੀ ਵਕਾਲਤ ਹੁੰਦੀ ਹੈ ਸਭ ਸਹਿਮਤ ਹਨ ਪ੍ਰੰਤੂ ਆਪਣੀ ਰਾਜਨੀਤਕ ਲੋੜ ਅਨੁਸਾਰ ਅਤੇ ਲੋਕਾਂ ਨੂੰ ਵੋਟ ਬੈਂਕ ਦੇ ਤੌਰ 'ਤੇ ਇਸਤੇਮਾਲ ਕਰਨ ਹਿੱਤ ਵੱਖ ਵੱਖ ਰਾਜਨੀਤਕ ਪਾਰਟੀਆਂ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਦਿਖਾਵੇ ਦੇ ਤੌਰ 'ਤੇ ਵਿਰੋਧ ਕਰ ਰਹੀਆਂ ਹਨ। ਹਾਲਾਂਕਿ ਪਿਛਲੇ ਦੋ ਦਹਾਕਿਆਂ ਤੋਂ ਜਿਹੜੀ ਵੀ ਪਾਰਟੀ ਦੇਸ਼ ਪੱਧਰ 'ਤੇ ਜਾਂ ਖੇਤਰੀ ਪੱਧਰ 'ਤੇ ਸੱਤਾ ਵਿਚ ਆਈ ਹੈ ਉਸ ਨੇ ਖੁੱਲ੍ਹੀ ਮੰਡੀ ਨੂੰ ਹੀ ਅਪਣਾਇਆ ਹੈ ਜਿਸ ਕਾਰਨ ਸਥਿਤੀ ਇਹ ਬਣ ਗਈ ਹੈ ਕਿ ਬਹੁਗਿਣਤੀ ਲੋਕ ਰੋਜ਼ਮਰਾਂ ਦੇ ਜੀਵਨ ਜਿਊਣ ਤੋਂ ਵੀ ਅਸਮਰਥ ਹੋ ਗਏ ਹਨ। ਆਤਮ



ਹੱਤਿਆਵਾਂ ਪੇਂਡੂ ਖੇਤਰ ਦਾ ਹਿੱਸਾ ਤਾਂ ਬੜੇ ਲੰਬੇ ਸਮੇਂ ਤੋਂ ਬਣਿਆ ਹੈ ਹੁਣ ਖੁੱਲ੍ਹੀ ਮੰਡੀ ਰਾਹੀਂ ਇਹ ਪ੍ਰਕਿਰਿਆ ਸ਼ਹਿਰੀ ਵਰਗ ਨੂੰ ਆਪਣੇ ਕਲਾਵੇ ਵਿਚ ਲੈ ਲਵੇਗੀ। ਲੋਕ ਵਿਰੋਧ ਤਾਂ ਕਰ ਰਹੇ ਹਨ ਪ੍ਰੰਤੂ ਜਿਸ ਕਿਸਮ ਦਾ ਵਿਰੋਧ ਹੋ ਰਿਹਾ ਹੈ ਉਹ ਕਿਸੇ ਕਿਸਮ ਨਾਲ ਵੀ ਮੰਡੀ ਦੇ ਅਜੋਕੇ ਸਿਧਾਂਤ ਦੇ ਖਿਲਾਫ਼ ਨਹੀਂ ਹੋ ਰਿਹਾ। ਬਲਕਿ ਇਸ ਤਰ੍ਹਾਂ ਹੋ ਰਿਹਾ ਹੈ ਕਿ ਸਾਡੀ ਲੁੱਟ ਲੋਕਲ ਸਰਮਾਏਦਾਰ ਤਾਂ ਕਰਨ ਪਰ ਵਿਦੇਸ਼ੀਆਂ ਨੂੰ ਇਸ ਵਿਚ ਕਿਸੇ ਕਿਸਮ ਦੀ ਛੂਟ ਨਹੀਂ ਮਿਲਣੀ ਚਾਹੀਦੀ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਜਿਸ ਕਿਸਮ ਨਾਲ ਅਜੋਕੇ ਸੰਕਟ ਨੂੰ ਸੰਬੋਧਤ ਹੋਣਾ ਚਾਹੀਦਾ ਹੈ ਕਿ ਮਨੁੱਖ ਦੀਆਂ ਲੋੜਾਂ ਅਤੇ ਸਰੋਤਾਂ ਨੂੰ ਧਿਆਨ ਵਿਚ ਰੱਖ ਕੇ ਆਰਥਿਕਤਾ ਕਿਸ ਕਿਸਮ ਨਾਲ ਵਿਕਸਿਤ ਕੀਤੀ ਜਾਵੇ ਨਾ ਕਿ ਖੁੱਲ੍ਹੀ ਮੰਡੀ ਦੇ ਸਾਹਮਣੇ ਸਭ ਕੁਝ ਖੋਲ੍ਹ ਦਿੱਤਾ ਜਾਵੇ ਅਤੇ ਆਮ ਵਿਅਕਤੀ ਜਿਊਣ ਤੋਂ ਵੀ ਦੁਰਭਰ ਹੋ ਜਾਵੇ। ਇਸ ਕਿਸਮ ਦੇ ਲੁਭਾਉਣੇ ਸੁਪਨੇ ਦਿਖਾਏ ਜਾ ਰਹੇ ਹਨ ਕਿ ਇਸ ਨਾਲ ਵੱਡੀ ਤਾਦਾਦ ਵਿਚ ਨੌਕਰੀਆਂ ਖੁੱਲ੍ਹਣਗੀਆਂ ਅਤੇ ਵਿਕਾਸ ਦੇ ਨਵੇਂ ਰਸਤੇ ਖੁੱਲ੍ਹਣਗੇ। ਹਾਲਾਂਕਿ ਹਕੀਕਤ ਇਹ ਹੈ ਜਿਨ੍ਹਾਂ ਮੁਲਕਾਂ ਨੇ ਆਪਣੇ ਦੇਸ਼ਾਂ ਨੂੰ ਆਪਣੇ ਸਰੋਤਾਂ ਅਨੁਸਾਰ ਯੋਜਨਾਬੱਧ ਕਰ ਲਿਆ ਹੈ ਉਨ੍ਹਾਂ ਵਿਚ ਕੋਈ ਵੱਡੇ ਗੰਭੀਰ ਸੰਕਟ ਉਤਪੰਨ ਨਹੀਂ ਹੋਏ ਜਿਸ ਦੀ ਸਭ ਤੋਂ ਵੱਡੀ ਉਦਾਹਰਣ ਅਮਰੀਕਨ ਸਾਮਰਾਜ ਦੀ ਪਿੱਠ ਦੇ ਨਾਲ ਜੁੜਿਆ ਬੈਠਾ ਇਕ ਨਿੱਕਾ ਜਿਹਾ ਮੁਲਕ ਕਿਊਬਾ ਹੈ ਜਿਸਨੇ ਆਪਣੀਆਂ ਅੰਦਰੂਨੀ ਆਰਥਿਕਤਾ ਨੂੰ ਇਸ ਤਰ੍ਹਾਂ ਢਾਲਿਆ ਹੈ ਕਿ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਜਿਨ੍ਹਾਂ ਵਿਚ ਵਿਦਿਆ, ਸਿਹਤ, ਰਹਿਣ ਸਹਿਣ ਸ਼ਾਮਲ ਹਨ ਉਨ੍ਹਾਂ ਨੂੰ ਕੇਂਦਰ ਵਿਚ ਰੱਖ ਕੇ ਆਰਥਿਕਤਾ ਚਲਾਈ ਹੈ ਅਤੇ ਲੋੜ ਅਨੁਸਾਰ ਮੰਡੀ ਵਿਕਸਿਤ ਕੀਤੀ ਹੈ ਨਾ ਕਿ ਲੋਕਾਂ ਨੂੰ ਮੰਡੀ ਦੇ ਲਾਲਚੀ ਕਿਸਮ ਦੇ ਅਤੇ ਵਸਤੂਆਂ ਇਕੱਤਰ ਕਰਨ ਵਾਲੇ ਰਸਤੇ ਉਪਰ ਤੋਰਿਆ ਹੈ। ਸੋ ਇਸ ਸਮੇਂ ਜਦੋਂ ਪੂੰਜੀ ਦੀ ਵਕਾਲਤ ਕਰਨ ਵਾਲੇ ਵੱਡੇ ਵਾਲਮਾਰਟ ਵਰਗੇ ਘਰਾਣੇ ਛੋਟੇ ਛੋਟੇ ਮੁਲਕਾਂ ਦੀਆਂ ਬਾਹਾਂ ਮਰੋੜ ਕੇ ਆਪਣੀਆਂ ਲੋੜਾਂ ਅਨੁਸਾਰ ਆਰਥਿਕਤਾ ਨੂੰ ਘੁਮਾ ਚੁੱਕੇ ਹਨ ਹੁਣ ਉਨ੍ਹਾਂ ਨੇ ਆਪਣੇ ਆਪ ਨੂੰ ਦੁਨੀਆ ਦਾ ਤਾਕਤਵਰ ਮੁਲਕ ਸਮਝ ਰਹੇ ਭਾਰਤ ਨੂੰ ਵੀ ਖੁੱਲ੍ਹੀ ਮੰਡੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਕਾਰਵਾਈ ਕਰਨ ਦੇ ਰਾਹ 'ਤੇ ਤੋਰ ਦਿੱਤਾ ਹੈ। ਇਸ ਨਾਲ ਲੋਕਾਂ ਦੇ ਦੁੱਖਾਂ ਤਕਲੀਫ਼ਾਂ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਵਧੇਗੀ ਅਤੇ ਦੇਖੋ ਲੋਕ ਕਿਸ ਤਰ੍ਹਾਂ ਇਸ ਖੁੱਲ੍ਹੀ ਮੰਡੀ ਦੇ ਵਕਾਲਤਕਾਰਾਂ ਦੇ ਖਿਲਾਫ਼ ਜਥੇਬੰਦ ਹੋਣਗੇ।

# ਵਿਰਾਸਤ ਦੇ ਅਸਲੀ ਅਰਥਾਂ ਦਾ ਸਵਾਲ

ਵਿਰਾਸਤ ਨੂੰ ਅਜੋਕੇ ਪੂੰਜੀਵਾਦੀ ਪ੍ਰਬੰਧ ਨੇ ਇਸ ਕਿਸਮ ਨਾਲ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਵੇਂ ਕੋਈ ਪੁਰਾਤਨ ਕਿਸਮ ਦੀ ਇਤਿਹਾਸਕ ਦੇਣ ਤੋਂ ਮੁਨਕਰ ਹੋਣਾ ਹੋਵੇ। ਪੂੰਜੀ ਦੇ ਵਹਾਅ ਨੇ ਵੱਡੀਆਂ ਵੱਡੀਆਂ ਕੌਮਾਂ ਅਤੇ ਨਸਲਾਂ ਦਾ ਖੁਰਾ ਤੱਕ ਮਿਟਾਉਣ ਦਾ ਜਿਵੇਂ ਫੈਸਲਾ ਕੀਤਾ ਹੋਵੇ।ਆਧੁਨਿਕਤਾ ਦੇ ਨਾਂ ਹੇਠ ਇਸ ਕਿਸਮ ਦਾ ਉਸਾਰਿਆ ਜਾ ਰਿਹਾ ਹੈ ਉਸ ਨਾਲ ਬਹੁਤ ਕੁਝ ਹੌਲੀ ਹੌਲੀ ਨਵੀਂ ਪੀੜ੍ਹੀ ਵਿਚੋਂ ਇਤਿਹਾਸ ਦੇ ਪੰਨੇ ਸਮਝਣ ਦੀ ਬਿਰਤੀ ਖਤਮ ਹੋ ਜਾਵੇਗੀ ਅਤੇ ਵਿਰਾਸਤ ਕੀ ਸ਼ੈਅ ਹੁੰਦੀ ਹੈ ਕਿਵੇਂ ਵਿਰਾਸਤ ਲੋਕਾਂ ਦਾ ਹਿੱਸਾ ਬਣਦੀ ਹੈ ਅਤੇ ਲੋਕ ਉਨ੍ਹਾਂ ਵਿਰਾਸਤਾਂ 'ਚੋਂ ਸਬਕ ਸਿੱਖ ਕੇ ਜਾਂ ਉਨ੍ਹਾਂ ਨੂੰ ਆਪਣੀ ਲਹਿਰ ਜਾਂ ਸੋਚ ਦਾ ਹਿੱਸਾ ਬਣਾ ਕੇ ਅੱਗੇ ਵਧਦੇ ਨੇ। ਜਦੋਂ ਅਸੀਂ ਆਨੰਦਪੁਰ ਸਾਹਿਬ ਤੋਂ ਲੈ ਕੇ ਫਤਹਿਗੜ੍ਹ ਸਾਹਿਬ ਰਾਹੀਂ ਚਮਕੌਰ ਦੀ ਗੜ੍ਹੀ ਦਾ ਸਫ਼ਰ ਇਤਿਹਾਸ ਦੇ ਪੰਨਿਆਂ ਰਾਹੀਂ ਦੇਖਦੇ ਹਾਂ ਤਾਂ ਸਾਨੂੰ ਲੜਨ ਅਤੇ ਆਪਣਾ ਰਾਜ ਸਥਾਪਤ ਕਰਨ ਦੀ ਸੋਝੀ ਮਿਲਦੀ ਹੈ। ਪ੍ਰੰਤੂ ਮੌਜੂਦਾ ਹੁਕਮਰਾਨ ਉਸ ਕਿਸਮ ਦੀ ਕੋਈ ਵੀ ਸੋਝੀ ਉਤਪੰਨ ਕਰਨ ਦੀ ਥਾਂ ਆਪਣੇ ਰਾਜ ਭਾਗ ਨੂੰ ਲੋਕਾਂ ਦੀ ਵਿਰਾਸਤ ਨਾਲ ਜੋੜ ਕੇ ਕਿਸ ਤਰ੍ਹਾਂ ਪੇਸ਼ ਕਰਦੇ ਹਨ ਕਿ ਅਸੀਂ ਵੀ ਉਸ ਕੜੀ ਦੀ ਹਿੱਸਾ ਹਾਂ ਜਿਨ੍ਹਾਂ ਨੇ ਜਬਰ ਜ਼ੁਲਮ ਦੇ ਖਿਲਾਫ਼ ਲੜਾਈ ਲੜੀ। ਉਹ ਆਪਣੇ ਆਪ ਨੂੰ ਕੌਮ ਦਾ ਫ਼ਖਰ ਜਾਂ ਆਪਣੇ ਆਪ ਨੂੰ ਪੰਥ ਦਾ ਸਭ ਤੋਂ ਵੱਡਾ ਝੰਡਾ ਬਰਦਾਰ ਸਾਬਤ ਕਰਨ ਦੇ ਚੱਕਰ ਵਿਚ ਲੱਗੇ ਹੋਏ ਹਨ ਪਰ ਇਤਿਹਾਸ ਵਾਰ ਵਾਰ ਜਦੋਂ ਵੀ ਯਾਦ ਕੀਤਾ ਜਾਂਦਾ ਹੈ ਉਸ ਵਿਚ ਦਾਦੀ ਮਾਂ ਤੋਂ ਲੈ ਕੇ ਸਾਹਿਬਜ਼ਾਦਿਆਂ ਤੱਕ ਦੀਆਂ ਕੁਰਬਾਨੀਆਂ ਨੂੰ ਕੋਈ ਵੀ ਲੋਕਾਂ ਜਿਨ੍ਹਾਂ ਵਿਚ ਮਜਲੂਮ ਨੇ ਉਨ੍ਹਾਂ ਦਾ ਹਿੱਸਾ ਬਣਾਉਣ ਤੋਂ ਰੋਕ ਨਹੀਂ ਸਕਦਾ। ਲੋੜ ਇਸ ਗੱਲ ਦੀ ਹੈ ਕਿ ਇਤਿਹਾਸ ਦੇ ਸਹੀ ਵਰਕਿਆਂ 'ਤੇ ਮੁੜ ਨਜ਼ਰ ਦੜਾਈਏ ਅਤੇ ਉਨ੍ਹਾਂ ਪੰਨਿਆਂ ਨੂੰ ਯਾਦ



ਕਰੀਏ ਜਦੋਂ ਕੜਕ ਕਿਸਮ ਦੀ ਸਰਦੀ ਦੇ ਵਿਚ ਪੰਜਾਬ ਦੀ ਸਰਜ਼ਮੀਨ 'ਤੇ ਵਾਪਰੇ ਸਨ। ਅੱਜ ਲੋੜ ਇਸ ਗੱਲ ਦੀ ਹੈ ਕਿ ਵਿਰਾਸਤ ਨੂੰ ਕੌਣ ਕਿਵੇਂ ਆਪਣੀ ਜੀਵਨ ਜਾਚ ਅਤੇ ਸੰਘਰਸ਼ਾਂ ਦਾ ਹਿੱਸਾ ਬਣਾਉਂਦਾ ਹੈ। ਜੇ ਇਸ ਵਿਰਾਸਤ ਨੂੰ ਸਹੀ ਢੰਗ ਨਾਲ ਲੜਨ ਵਾਲੇ ਲੋਕ ਹਿੱਸਾ ਨਹੀਂ ਬਣਾਉਣਗੇ ਤਾਂ ਹੁਕਮਰਾਨ ਆਪਣੀਆਂ ਸੱਤਾ ਦੀਆਂ ਪੌੜੀਆਂ ਤੇ ਤਾਕਤਾਂ ਰਾਹੀਂ ਵਿਰਾਸਤ ਨੂੰ ਆਪਣੇ ਪੱਖ ਵਿਚ ਵਰਤਣ ਲਈ ਕਾਰਜ ਕਰਦੇ ਰਹਿਣਗੇ। ਇਸ ਕਿਸਮ ਦਾ ਕਾਰਜ ਅੱਜ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਅਤੇ ਰਵਾਇਤਾਂ ਨੂੰ ਆਪਣੇ ਪੱਖ ਵਿਚ ਵਰਤਣ ਲਈ ਹੋ ਰਿਹਾ ਹੈ। ਹੌਲੀ ਹੌਲੀ ਪੂੰਜੀਵਾਦ ਦਾ ਚਕਾਚੌਂਧ ਕਰ ਦੇਣ ਵਾਲਾ ਮਾਹੌਲ ਵਿਰਾਸਤਾਂ ਨੂੰ ਵੀ ਆਪਣਾ ਹਿੱਸਾ ਬਣਾ ਲਵੇਗਾ। ਕਾਫ਼ੀ ਹੱਦ ਤੱਕ ਬਣਾ ਚੁੱਕਾ ਹੈ ਜਿਸ ਪ੍ਰਤੀ ਸੁਚੇਤ ਹੋਣਾ ਤੇ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ।



ਆਨੰਦਪੁਰ ਦੀ ਧਰਤੀ 'ਤੇ ਵਿਰਾਸਤ ਨੂੰ ਆਧੁਨਿਕਤਾ ਵੱਲ ਢਾਲਣ ਵੱਲ ਵਧ ਚੁੱਕੇ ਕਦਮ

- ਹਰਬੰਸ ਸਿੰਘ

# ਸਭਿਆਚਾਰ ਦੀ ਅਣਖੀਲੀ ਆਵਾਜ਼ ਨੂੰ ਸਲਾਮ

ਦੁਨੀਆ ਦਾ ਪ੍ਰਸਿੱਧ ਵਿਦਵਾਨ ਵੀ ਜੀ ਵੈਕਟ ਕੈਰੀਨਨ ਇਸ ਕਰਕੇ ਇੰਗਲੈਂਡ ਦੀ ਸਭ ਤੋਂ ਮਸ਼ਹੂਰ ਯੂਨੀਵਰਸਿਟੀ ਔਕਸ ਫੋਰਡ ਨੂੰ ਅਲਵਿਦਾ ਕਹਿ ਆਇਆ ਸੀ ਜਦੋਂ ਉਸ ਨੂੰ ਕਿਸੇ ਉਰਦੂ ਦੇ ਵਿਦਵਾਨ ਨੇ ਇਹ ਜਾਣਕਾਰੀ ਦਿੱਤੀ ਕਿ ਸਾਡੇ ਮੁਲਕ ਵਿਚ ਇਕ ਅਜਿਹਾ ਗਾਇਕ ਹੈ ਜੋ ਜਦੋਂ ਆਪਣੀ ਗਾਇਕਾ ਦਾ ਮੁਜਾਹਰਾ ਕਰਦਾ ਹੈ ਤਾਂ ਲੱਖਾਂ ਲੋਕ ਉਸ ਤੋਂ ਪ੍ਰਭਾਵਤ ਹੋ ਕੇ ਦੇਸ਼ ਅੰਦਰ ਆਜ਼ਾਦੀ ਦੀ ਚਿਣਗ ਦੇ ਰੂਪ ਵਿਚ ਖੜ੍ਹੇ ਹੋ ਜਾਂਦੇ ਹਨ। ਉਸ ਦਾ ਨਾਂ ਫੈਜ਼ ਅਹਿਮਦ ਫੈਜ਼ ਹੈ। ਫੈਜ਼ ਅਹਿਮਦ ਫੈਜ਼ ਦੀ ਸਮੁੱਚੀ ਸ਼ਾਇਰੋ-ਸ਼ਾਇਰੀ ਨੂੰ ਸੁਣਨ ਵਾਸਤੇ ਅਤੇ ਵੱਡੇ ਤੋਂ ਵੱਡੇ ਰਾਜਨੀਤਕ ਨੇਤਾ ਤੋਂ ਵੀ ਉਪ ਤੱਕ ਲੋਕਾਂ ਨੂੰ ਪ੍ਰਭਾਵਤ ਕਰਨ ਵਾਲੇ ਇਸ ਇਨਸਾਨ ਉਪਰ ਜਦੋਂ ਵੈਕਟਰ ਕੈਰੀਨਨ ਨੇ ਆਪਣਾ ਖੋਜ ਕਾਰਜ ਕੀਤਾ ਤਾਂ ਉਸ ਨੇ ਕੁਝ ਲਾਈਨਾਂ ਇੰਝ ਲਿਖੀਆਂ ਕਿ ਕਿਸੇ ਵੀ ਧਰਤੀ ਦੇ ਅੰਦਰ ਦੇ ਸਭਿਆਚਾਰਕ ਵਹਾਅ ਨੂੰ ਜੇ ਕੋਈ ਪਕੜ ਲੈਂਦਾ ਹੈ ਅਤੇ ਉਸ ਨੂੰ ਲੋਕ ਸੱਥਾਂ ਦਾ ਹਿੱਸਾ ਬਣਾ ਕੇ ਸਮੁੱਚੇ ਖਿੱਤੇ ਵਿਚ ਆਪਣੀ ਗਾਇਕੀ ਰਾਹੀਂ ਪ੍ਰਚਾਰ ਜਾਂ ਪ੍ਰਸਾਰ ਦਿੰਦਾ ਹੈ ਤਾਂ ਉਹ ਇਕ ਕਿਸਮ ਦੇ ਬੜੇ ਸ਼ਾਂਤ ਇਨਕਲਾਬ ਦਾ ਵਹਾਅ ਬਣ ਜਾਂਦਾ ਹੈ। ਜਦੋਂ ਅਸੀਂ ਅੱਜ ਇਨ੍ਹਾਂ ਸਤਰਾਂ ਨੂੰ ਪੜ੍ਹਦੇ ਹਾਂ ਤਾਂ ਸਾਡੇ ਸਾਹਮਣੇ ਕਈ ਕਿਸਮ ਦੇ ਉਹ ਗੀਤਕਾਰ ਪੰਜਾਬ ਵਿਚ ਵੀ ਦਿਖਾਈ ਦਿੰਦੇ ਹਨ ਜਿਨ੍ਹਾਂ ਨੇ ਆਪਣੇ ਸਮਿਆਂ ਦੀ ਤੋਰ ਨੂੰ ਲੋਕਾਂ ਦੀ ਸਭਿਆਚਾਰਕ ਤੋਰ ਵਿਚ ਬਦਲ ਦਿੱਤਾ ਸੀ। ਅਕਸਰ ਕਿਹਾ ਜਾਂਦਾ ਹੈ ਕਿ ਧਰਤੀ ’ਤੇ ਹੁਣ ਤੱਕ ਪੰਜ ਵੱਡੀਆਂ ਤਬਾਹੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਪਹਿਲੀ ਤਬਾਹੀ ਸੀ ਜਦੋਂ ਡਾਇਨਾਸੋਰ ਮਰੇ ਸਨ। ਇੰਝ ਜਾਪਦਾ ਹੈ ਕਿ ਕੁਲਦੀਪ ਮਾਣਕ ਪੰਜਾਬੀ ਦਾ ਉਹ ਕਿਸਮ ਦਾ ਡਾਇਨਾਸੋਰ ਸੀ ਜਿਸ ਨੇ ਦੁਲਾ ਭੱਟੀ ਨੂੰ ਪੰਜਾਬ ਦੀ ਅਣਖ ਅਤੇ ਵਿਰਾਸਤ ਦੇ ਤੌਰ ’ਤੇ ਖੜ੍ਹਾ ਕਰ ਦਿੱਤਾ ਸੀ। ਅੱਜ ਦੇ ਸਮੇਂ ਵਿਚ ਦੁੱਲੇ ਦੀਆਂ ਵਾਰਾਂ ਮੁੜ ਸੱਥਾਂ ਵਿਚ ਗਾਉਣ ਦਾ ਸੁਣਨ ਦਾ ਦੌਰ ਕਿਸੇ ਨਾ ਕਿਸੇ ਰੂਪ ਵਿਚ ਖੜ੍ਹਾ ਕਰਨ ਦੀ ਜ਼ਰੂਰਤ ਸੀ। ਉਸ ਸਮੇਂ ਬਹੁਤ ਅਜਿਹੀਆਂ ਆਵਾਜ਼ਾਂ ਪੰਜਾਬ ਦੇ ਸਭਿਆਚਾਰਕ ਖੇਤਰ ਵਿਚ ਆ ਗਈਆਂ ਹਨ ਜਿਨ੍ਹਾਂ ਨੂੰ ਸੁਣਕੇ ਇੰਝ ਲਗਦਾ ਹੈ ਕਿ ਪਿੰਡ ਦੀਆਂ ਸੱਥਾਂ ’ਚੋਂ ਉਠਣ ਵਾਲੀ ਆਵਾਜ਼ ਜਿਹੜੀ ਪੁਹ-ਫੁਟਾਲੇ ਹੀ ਕਈ ਵਾਰੀ ਸਰਵਣ ਪੁੱਤਰ ਦੇ ਨਾਂ ਨਾਲ ਸ਼ੁਰੂ ਹੁੰਦੀ ਸੀ ਜਾਂ ਮਾਂ ਹੁੰਦੀ ਹੈ ਮਾਂ ਓ ਦੁਨੀਆ ਵਾਲਿਓ ਦੇ ਨਾਂ ਨਾਲ ਸ਼ੁਰੂ ਹੁੰਦੀ ਸੀ। ਹੁਣ ਇਹ ਆਵਾਜ਼ ਪਿੰਡ ਦੀ ਸੱਥ ’ਚੋਂ ਅਤੇ ਸਭਿਆਚਾਰਕ ਪੰਜਾਬ ਦੇ ਮਾਹੌਲ ’ਚੋਂ ਅਚੇਤ ਜਾਂ ਸੁਚੇਤ ਰੂਪ ਵਿਚ ਗਾਇਬ ਕੀਤੀ ਜਾ ਰਹੀ ਹੈ। ਪੰਜਾਬ ਦੀਆਂ ਹੋਰ ਅਣਹੋਣੀਆਂ ਵਿਚ ਇਕ ਹੋਣੀ ਇਹ ਵਾਪਰ ਗਈ ਕਿ ਨਵੀਂ ਪੀੜ੍ਹੀ ਜਿਸ ਨੇ ਅਜੇ ਆਪਣੀਆਂ ਬਾਗੀ ਆਵਾਜ਼ਾਂ ਨੂੰ ਨਵੀਆਂ ਸੁਰਾਂ ਦੇਣੀਆਂ ਸਨ ਉਹ ਲਚਰ ਕਿਸਮ ਦੇ ਗੀਤ ਸੰਗੀਤ ਵਿਚ ਹੱਲੋਂ-ਬੇਹਾਲ ਹੋ ਕੇ ਪੰਜਾਬ ਦਾ ਵਾਤਾਵਰਣ ਪ੍ਰਦੂਸ਼ਿਤ ਕਰਨ ਵਿਚ ਆਪਣਾ ਯੋਗਦਾਨ ਪਾ ਰਹੀ ਹੈ। ਇਤਿਹਾਸ ਦੇ ਪੰਨਿਆਂ ਨੂੰ ਜਦੋਂ ਕਦੀ ਫਰੋਲਿਆ ਜਾਵੇਗਾ ਅਤੇ ਪੰਜਾਬ ਦੀ ਸ਼ਾਨਦਾਰ ਗਾਇਕੀ ਅਤੇ ਕਲੀਆਂ ਅਤੇ ਵਾਰਾਂ ਨੂੰ ਪਰਖਿਆ ਤੇ ਨਿਰਖਿਆ ਜਾਵੇਗਾ ਤਾਂ ਇਕ ਇਤਿਹਾਸਕ ਦੌਰ ਦੇ ਤੌਰ ’ਤੇ ਆਪਣੀ ਵੱਡੀ ਛਾਪ ਛੱਡਣ ਵਾਲੇ ਕੁਲਦੀਪ ਮਾਣਕ ਨੂੰ ਕੋਈ ਵੀ ਇਤਿਹਾਸਕਾਰ ਵਿਸਾਰ ਨਹੀਂ ਸਕੇਗਾ। ਕੁਲਦੀਪ ਮਾਣਕ ਦੀਆਂ ਆਪਣੀਆਂ ਪ੍ਰੰਪਰਾਵਾਂ ਅਤੇ ਰਵਾਇਤਾਂ ਪੰਜਾਬ ਦੇ ਅਣਖ ਅਤੇ ਇੱਜ਼ਤ ਦੀਆਂ ਰਵਾਇਤਾਂ ਰਹੀਆਂ ਹਨ ਜਿਨ੍ਹਾਂ ’ਤੇ ਪੰਜਾਬ ਨੂੰ ਗੌਰਵ ਹੈ। ਇਸ ਕਿਸਮ ਦੇ ਗਾਇਕ ਦੇ ਅਸਰ ਨੂੰ ਕਬੂਲਣਾ ਆਪਣੇ ਅੰਦਰ ਪੰਜਾਬ ਦੀ ਸਭਿਆਚਾਰਕ ਜਾਨ ਪਾਉਣ ਦੇ ਬਰਾਬਰ ਹੈ।



# ਮੰਦਵਾੜੇ ਦੇ ਦੌਰ 'ਚ ਪਰਵਾਸੀਆਂ ਦੀ ਸਥਿਤੀ



ਮਨੁੱਖੀ ਫਿਤਰਤ ਰਹੀ ਹੈ ਕਿ ਮਨੁੱਖ ਨੂੰ ਸ਼ਾਨਦਾਰ ਜੀਵਨ ਇਸ ਧਰਤੀ 'ਤੇ ਨਸੀਬ ਹੋਵੇ। ਪਿਛਲੇ ਸਮਿਆਂ 'ਚ ਜਦੋਂ ਅਜੇ ਦੂਰ ਤੱਕ ਦੀ ਜਾਣਕਾਰੀ ਨਹੀਂ ਸੀ ਸਿਰਫ਼ ਵਿਅਕਤੀਗਤ ਤੌਰ 'ਤੇ ਸੰਪਰਕਾਂ ਰਾਹੀਂ ਹੀ ਲੋਕ ਪ੍ਰਵਾਸ ਕਰਿਆ ਕਰਦੇ ਸਨ ਪ੍ਰੰਤੂ ਪਿਛਲੇ ਚਾਰ ਦਹਾਕਿਆਂ ਤੋਂ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿਚ ਪਰਵਾਸ ਬੇਤਿਹਾਸਾ ਵਧਿਆ ਹੈ। ਪਿਛਲੇ ਇਸ ਦੌਰ ਵਿਚ ਇਕ ਗੱਲ ਬੜੀ ਪ੍ਰਚਾਰੀ ਗਈ ਕਿ ਦੁਨੀਆ ਹੁਣ ਇਕ ਪਿੰਡ ਹੋ ਗਈ ਹੈ। ਇਥੋਂ ਤੱਕ ਵੀ ਕਿਹਾ ਜਾਣ ਲੱਗਿਆ ਹੈ ਕਿ ਸ਼ਾਇਦ ਨੇੜ ਭਵਿੱਖ ਵਿਚ ਸਰਹੱਦਾਂ ਨਾਂ ਦੀ ਕੋਈ ਸ਼ੈਅ ਨਾ ਰਹੇ। ਲੋਕ ਜਿਥੇ ਚਾਹੁਣ ਆਪਣੀ ਯੋਗਤਾ ਮੁਤਾਬਕ ਕਿਰਤ ਦਾ ਇਸਤੇਮਾਲ ਕਰ ਸਕਣ। ਭਾਵ ਕਿਰਤ ਨੂੰ ਵੇਚ ਸਕਣ। ਪ੍ਰੰਤੂ ਹੌਲੀ ਹੌਲੀ ਜਿਸ ਕਿਸਮ ਨਾਲ ਦੁਨੀਆ ਭਰ ਦਾ ਮਾਡਲ ਪਿਛਲੇ ਦੋ ਦਹਾਕਿਆਂ ਵਿਚ ਵਿਕਸਿਤ ਹੋ ਗਿਆ ਉਸ ਨਾਲ ਪੈਦਾਵਾਰ ਚਾਹੇ ਕੋਈ ਪਛੜਿਆ ਮੁਲਕ ਸੀ ਅਤੇ ਚਾਹੇ ਕੋਈ ਅਤਿਵਿਕਸਿਤ ਮੁਲਕ ਸੀ ਉਸ ਨੇ ਆਪਣੀ ਸਾਰੀ ਜਥਾਸ਼ਕਤੀ ਪੈਦਾਵਾਰ ਨੂੰ ਵਧਾਉਣ ਵਿਚ ਲਗਾ ਦਿੱਤੀ ਹੈ। ਦੁਨੀਆ ਦੇ ਪ੍ਰਸਿੱਧ ਮਾਰਕਸਵਾਦੀ ਅਰਥ ਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਜਿਸ ਕਿਸਮ ਨਾਲ ਪੈਦਾਵਾਰ ਵਿਚ ਵਾਧਾ ਹੋਇਆ ਇਸ ਧਰਤੀ 'ਤੇ ਸਾਰੇ ਮੁਲਕ ਜੇ ਮੰਡੀ ਦਾ ਹਿੱਸਾ ਬਣ ਜਾਣ ਤਾਂ ਵੀ ਪੰਜ ਗੁਣਾ ਮੰਡੀਆਂ ਹੋਰ ਚਾਹੀਦੀਆਂ ਹਨ ਜਿਨ੍ਹਾਂ ਵਿਚ ਅਜੋਕੀ ਪੈਦਾਵਾਰ ਨੂੰ ਸਮੋਇਆ ਜਾ ਸਕਦਾ ਹੈ। ਪ੍ਰਸਿੱਧ ਅਰਥ ਸ਼ਾਸਤਰੀ ਪਾਲਐਮ ਸਜੀਵੀ ਨੇ ਪੂੰਜੀਵਾਦ ਦੇ ਚਲਣ ਢੰਗ ਉਪਰ ਲਿਖਿਆ ਸੀ,"ਅਸੀਂ ਇਤਿਹਾਸਕ ਤੌਰ 'ਤੇ ਪੂੰਜੀਵਾਦ ਦੇ ਉਸ ਪੜਾਅ 'ਤੇ ਪਹੁੰਚ ਚੁੱਕੇ ਹਾਂ ਜਦੋਂ ਮਨੁੱਖੀ ਸਬੰਧਾਂ 'ਤੇ ਆਧਾਰਤ ਸਮਾਜਿਕ ਪ੍ਰਬੰਧ ਲੰਬਾ ਸਮਾਂ ਨਹੀਂ ਚਲ ਸਕਦਾ। ਸਥਿਤੀਆਂ ਇਸ ਹੱਦ ਬਣ ਗਈਆਂ ਹਨ ਕਿ ਮਨੁੱਖ ਨੂੰ ਤਾਂ ਸਿਰਫ਼ ਵਸਤੂਆਂ ਦੀ ਪੈਦਾਵਾਰ ਦਾ ਸੰਦ ਹੀ ਸਮਝਿਆ ਜਾ ਰਿਹਾ ਹੈ। ਜੇ ਕਿਰਤ ਕਰਨ ਵਾਲੇ ਲੋਕਾਂ ਨੇ ਜਿਹੜੇ ਕਿ ਇਸ ਪ੍ਰਬੰਧ ਦੇ ਸਤਾਏ ਹੋਏ ਹਨ ਇਤਿਹਾਸ ਦਾ ਸਹੀ ਰਸਤਾ ਵਿਕਸਿਤ ਨਾ ਕੀਤਾ ਤਾਂ ਮਾਨਵਤਾ ਦੇ ਭਵਿੱਖ ਨੂੰ ਕੋਈ ਵੀ ਬਚਾਅ ਨਹੀਂ ਸਕਦਾ।" ਉਪਰੋਕਤ ਲਾਈਨਾਂ ਹਾਲਾਂਕਿ ਪੂੰਜੀਵਾਦ ਦੇ ਚਲਣ ਢੰਗ 'ਤੇ ਹੀ ਕੇਂਦਰਿਤ ਹਨ ਪ੍ਰੰਤੂ ਜਿਸ ਕਿਸਮ ਨਾਲ ਆਰਥਿਕ ਦਿੱਕਤਾਂ ਵੱਖ ਵੱਖ ਵਿਕਾਸਸ਼ੀਲ ਤੇ ਵਿਕਸਤ ਮੁਲਕਾਂ ਵਿਚ ਖੜ੍ਹੀਆਂ ਹੋ ਚੁੱਕੀਆਂ ਹਨ ਉਸ ਦੇ ਹੱਲ ਲਈ ਠੀਕ ਰਸਤੇ ਨਾ ਬਣਨ ਕਰਕੇ ਵੱਖ ਵੱਖ ਮੁਲਕਾਂ ਵਿਚ ਬਾਹਰੋਂ ਆਏ ਲੋਕਾਂ ਨੂੰ ਕਿਸੇ ਨਾ ਕਿਸੇ ਪੱਧਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ ਜਿਸ ਵਿਚ ਵਿਦਿਅਕ ਸਹੂਲਤਾਂ, ਸਿਹਤ ਸਹੂਲਤਾਂ, ਪਰਿਵਾਰਕ ਸਹੂਲਤਾਂ, ਰਾਜਨੀਤਕ ਸਹੂਲਤਾਂ, ਆਰਥਿਕ ਸਹੂਲਤਾਂ ਅਤੇ ਜਮਹੂਰੀਅਤ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਲਗਾਤਾਰ ਪਰਵਾਸੀਆਂ ਦੀ ਸਥਿਤੀ ਚਿੰਤਾਜਨਕ ਹੁੰਦੀ ਜਾ ਰਹੀ ਹੈ। ਉਨ੍ਹਾਂ ਉਪਰ ਕਈ ਕਿਸਮ ਨਾਲ ਕਾਨੂੰਨੀ ਢੰਗ ਤਰੀਕੇ ਅਪਣਾਏ ਜਾ ਰਹੇ ਹਨ ਜਿਸ ਨਾਲ ਉਹ ਹੁਣ ਅਸ਼ਾਂਤ ਸਮਿਆਂ ਵਿਚ ਜੀਵਨ ਜਿਉਂਦੇ ਹੋਏ ਮਹਿਸੂਸ ਕਰ ਰਹੇ ਹਨ। ਅਜਿਹੀ ਸਥਿਤੀ 'ਚੋਂ ਨਿਕਲਣ ਲਈ ਸਹੀ ਕਿਸਮ ਦੀ ਸੋਝੀ ਵਿਕਸਤ ਕਰਨੀ ਸਮੇਂ ਦੀ ਅਣਸਰਦੀ ਲੋੜ ਹੈ।

- ਚਰਨਜੀਤ ਭੁੱਲਰ

# ਬਾਬਾ ! ਤੇਰੇ ਲਾਲੋ ਅੱਜ ਵੀ ਰੁਲਦੇ



**ਸਾਨੂੰ ਕਮਾਈਆਂ ਕਰਦੀਆਂ ਨੂੰ ਕਦੀ ਕਦੀ ਆਸ ਬੱਝਦੀ ਸੀ ਕਿ ਸਾਡੇ ਧੀਆਂ ਪੁੱਤ ਪੜ੍ਹ ਲਿਖ ਕੇ ਸਾਨੂੰ ਸੁੱਖ ਦੇਣਗੇ ਪ੍ਰੰਤੂ ਉਹ ਦਿਨ ਸ਼ਾਇਦ ਹੁਣ ਕਦੀ ਵੀ ਨਹੀਂ ਆ ਰਹੇ ਕਿਉਂਕਿ ਉਨ੍ਹਾਂ ਨੂੰ ਵੀ ਸਾਡੇ ਵਾਂਗ ਪੜ੍ਹ ਲਿਖ ਕੇ ਮਿਹਨਤ ਮਜ਼ਦੂਰੀ ਕਰਨੀ ਪੈ ਰਹੀ ਹੈ ਅਤੇ ਇੰਝ ਜਾਪਦਾ ਹੈ ਕਿ ਉਨ੍ਹਾਂ ਜਿਹੜੀ ਪੜ੍ਹਾਈ ਕੀਤੀ ਹੈ ਸ਼ਾਇਦ ਉਸ ਦੀ ਇਸ ਧਰਤੀ 'ਤੇ ਕੋਈ ਕਦਰ ਹੀ ਨਹੀਂ।**

ਬਾਬਾ! ਤੂੰ ਤਾਂ ਕਿਹਾ ਸੀ ਕਿ ਕਿਰਤ ਕਰੀ। ਮੈਂ ਤਾਂ ਉਹੀ ਕੀਤਾ ਜੋ ਤੂੰ ਆਖਿਆ। ਸਿਵਾਏ ਕਿਰਤ ਤੋਂ ਮੈਂ ਤਾਂ ਹੋਰ ਕੁਝ ਕੀਤਾ ਵੀ ਨਹੀਂ। ਯਕੀਨ ਨਹੀਂ ਤਾਂ ਆ ਕੇ ਦੇਖ ਲੈ। ਦੇਖ ਲੈ ਮੇਰੀ ਹਰ ਡਿਗਰੀ। ਹਰ ਡਿਗਰੀ 'ਤੇ ਲਿਖਿਆ 'ਪਹਿਲਾ ਦਰਜਾ'। ਇਕੱਲੀ ਡਿਗਰੀ ਨਾ ਦੇਖੀ। ਡਿਗਰੀ ਪਿਛਲੀ ਮਿਹਨਤ ਮਸ਼ੱਕਤ ਵੀ ਦੇਖੀ। ਰਾਤ ਨੂੰ ਚੌਕੀਦਾਰੀ ਨਾ ਕਰਦਾ ਤਾਂ ਫਿਰ ਫੀਸਾਂ ਕਿਥੋਂ ਭਰਦਾ। ਮੈਂ ਨਾ ਦਿਨ ਵੇਖਿਆ ਤੇ ਨਾ ਰਾਤ। ਜ਼ਿੰਦਗੀ ਨੇ ਤਾਂ ਪੈਰ ਪੈਰ ਤੇ ਪ੍ਰੀਖਿਆ ਲਈ।

ਤੇਰੀ ਗੱਲ ਲੜ ਬੰਨ੍ਹ ਕੇ ਤੁਰਿਆ ਸੀ। ਤਾਹੀਂ ਹਰ ਪ੍ਰੀਖਿਆ ਨੂੰ ਬੌਣੀ ਬਣਾ ਦਿੱਤਾ। ਬਾਬਾ! ਤੂੰ ਤਾਂ ਮਾਣ ਕਰ। ਤੇਰੇ ਇਸ ਕਿਰਤੀ ਕੋਲ ਹੁਣ ਹਰ ਡਿਗਰੀ ਹੈ। ਵੇਖਦਾ ਜਾਈ, ਜਲਦੀ ਹੀ ਤੇਰਾ ਇਹ ਕਿਰਤੀ 'ਪੋਸਟ ਗਰੈਜੂਏਟ ਰਿਕਸ਼ਾ ਚਾਲਕ' ਬਣ ਜਾਏਗਾ। ਬੜੇ ਪਾਪੜ ਵੇਲਣੇ ਪਏ ਨੇ ਬਾਬਾ। ਨਹੀਂ ਬਾਬਾ, ਹੁਣ ਸ਼ਰਮ ਨਹੀਂ ਲੱਗਦੀ। ਪਹਿਲਾਂ ਲੱਗਦੀ ਸੀ। ਤਾਹੀਂ ਉਦੋਂ ਰਾਤ ਨੂੰ ਰਿਕਸ਼ਾ ਚਲਾਉਂਦਾ ਸੀ। ਹੁਣ ਤਾਂ ਦਿਨ ਰਾਤ ਚੱਲਦੈ ਮੇਰਾ ਰਿਕਸ਼ਾ। ਰਿਕਸ਼ਾ ਰੁਕ ਗਿਆ ਤਾਂ ਅੰਗਰੇਜ਼ੀ ਦੀ ਐਮ.ਏ ਦਾ ਦੂਜਾ ਸਾਲ ਪੂਰਾ ਨਹੀਂ ਹੋਣਾ। ਨਾ ਬਾਬਾ ਨਾ, ਮਾਂ ਬਾਰੇ ਨਾ ਪੁੱਛ। ਹਾਂ ਉਹ ਤਾਂ ਬੜਾ ਰੋਈ ਸੀ। ਜਦੋਂ ਮੈਂ ਪਹਿਲੇ ਦਿਨ ਨੌਕਰੀ ਦੀ ਥਾਂ ਰਿਕਸ਼ਾ ਘਰ ਲੈ ਕੇ ਗਿਆ ਸੀ। ਉਸ ਨੇ ਕਦੇ ਸੰਦੂਕ 'ਚੋਂ ਕੱਢ ਕੇ ਮੇਰੀ ਡਿਗਰੀ ਦੇਖੀ ਤੇ ਕਦੇ ਮੇਰਾ ਕਿਸ਼ਤਾਂ ਵਾਲਾ ਰਿਕਸ਼ਾ। ਮਨ ਤਾਂ ਮੇਰਾ ਵੀ ਅੰਦਰੋਂ ਰੋਇਆ ਸੀ। ਪਰ ਮਾਂ ਨੂੰ ਦੱਸਿਆ ਨਹੀਂ। ਮਾਂ ਨੂੰ ਦੱਸਾਂ ਵੀ ਕਿਉਂ, ਉਹ ਕਿਹੜਾ ਸੌਖੀ ਹੈ। ਕੈਂਸਰ ਨੇ ਉਸ ਨੂੰ ਕੱਖੋਂ ਹੌਲੀ ਕਰ ਦਿੱਤਾ ਹੈ।

ਬਾਬਾ! ਦਿਲ ਕਰਦੈ ਕਿ ਅੱਜ ਖੁੱਲ੍ਹ ਕੇ ਗੱਲਾਂ ਕਰਾਂ। ਕਿਵੇਂ ਬੀਤੀ ਤੇਰੀ ਕਿਰਤੀ ਨਾਲ। ਲੱਗਦੈ, ਤੈਨੂੰ ਹੁਣ ਇੱਕ ਹੋਰ ਉਦਾਸੀ ਕਰਨੀ ਪਊ। ਤੂੰ ਤਾਂ ਬਾਬਾ ਹਰ ਕਿਸੇ ਦੀ ਸੁਣੀ ਹੈ। ਆਪਣੇ ਕਿਰਤੀਆਂ ਦੀ ਵੀ ਸੁਣ ਲੈ। ਇੱਕ ਗੱਲ ਯਾਦ ਰੱਖੀ, ਜੇ ਤੂੰ ਮੁੜ ਕੇ ਨਾ ਆਇਆ ਤਾਂ ਫਿਰ ਇਕੱਲਾ ਮੈਂ ਨਹੀਂ, ਇੱਥੇ ਹਰ ਰਿਕਸ਼ੇ ਵਾਲਾ ਪੋਸਟ ਗਰੈਜੂਏਟ ਹੋਵੇਗਾ। ਬਾਬਾ! ਮੈਂ ਕਿਹੜਾ ਪਹਿਲੇ ਦਿਨ ਰਿਕਸ਼ਾ ਚੁੱਕ ਲਿਆ ਸੀ। ਸਰਕਾਰ ਦੇ ਬੂਹੇ 'ਤੇ ਵੀ ਗਿਆ ਸੀ। ਪ੍ਰਾਈਵੇਟ ਮਾਲਕਾਂ ਕੋਲ ਵੀ। ਚਾਹੁੰਦਾ ਸੀ ਕਿ ਅਧਿਆਪਕ ਬਣ ਜਾਵਾਂ। ਬੀ.ਐਡ 'ਚੋਂ 78 ਫੀਸਦੀ ਨੰਬਰ ਲਏ ਸੀ। ਬੜਾ ਮਾਣ ਸੀ ਮੈਨੂੰ। ਅਧਿਆਪਕ ਰੱਖਣ ਲਈ ਜੋ ਮੈਰਿਟ ਲਿਸਟ ਬਣੀ, ਉਸ 'ਚ ਤੇਰੇ ਕਿਰਤੀ ਦਾ ਪੰਜਾਬ ਭਰ 'ਚੋਂ 16ਵਾਂ ਨੰਬਰ ਸੀ। ਗੱਲ ਨਹੀਂ ਬਣੀ, ਬਾਬਾ ਅੱਜ ਤੱਕ ਨਹੀਂ ਬਣ ਸਕੀ। ਛੱਡ ਬਾਬਾ ਮੈਰਿਟ ਨੂੰ, ਤੂੰ ਤਾਂ ਭਲੇ ਵੇਲੇ ਦੀ ਗੱਲ ਕਰਦੈ। ਪ੍ਰਾਈਵੇਟ ਸਕੂਲਾਂ ਵਾਲੇ, ਹਾਂ ਕਹਿੰਦੈ ਸੀ ਕਿ ਪੂਰੇ 1500 ਰੁਪਏ ਦੇਵਾਂਗੇ। ਬਾਬਾ! ਕੀ ਇਸ ਨੂੰ ਸੱਚਾ ਸੌਦਾ ਕਹਾ। ਇਸ ਤੋਂ ਵੱਧ ਤਾਂ ਮੇਰਾ ਰਿਕਸ਼ਾ ਦੇ ਦਿੰਦਾ ਹੈ। ਬਾਬਾ! ਹੁਣ ਤੂੰ ਹੀ ਦੱਸ, ਕਿਸ ਬੂਹੇ ਜਾਵਾਂ। ਇੱਥੇ ਤਾਂ ਸਭ ਦਰਵਾਜੇ ਬੰਦ ਹਨ। ਸਰਕਾਰ ਦਿਨ ਦੇ ਚਾਨਣ ਦੇ ਮਾਅਨੇ ਸਮਝਦੀ ਤਾਂ ਅੱਜ ਮੈਨੂੰ ਰਾਤ ਦੇ ਹਨੇਰੇ 'ਚ ਰਿਕਸ਼ਾ ਨਾ ਚਲਾਉਣਾ ਪੈਂਦਾ। ਹਾਂ, ਸੰਗਤ ਦਰਸ਼ਨ 'ਚ ਜਾ ਕੇ ਵੀ ਫਰਿਆਦ ਕੀਤੀ ਸੀ। ਨਹੀਂ ਸੁਣੀ ਕਿਸੇ ਨੇ। ਬੁਝਾਰਤਾਂ ਨਾ ਪਾ ਬਾਬਾ, ਮੁੜ ਆਏਗਾ ਤਾਂ ਤੈਨੂੰ ਪਤਾ ਲੱਗੂ।

ਹੁਣ ਤਾਂ ਕਿੰਨੇ ਹੀ ਕੌਡੇ ਰਾਖਸ਼ ਪੈਦਾ ਹੋ ਗਏ ਨੇ। ਸੱਜਣ ਠੱਗਾਂ ਦੀ ਵੀ ਕੋਈ ਕਮੀ ਨਹੀਂ। ਨਾਲੇ ਦੇਖ ਲਈ ਸਰਕਾਰੀ ਮੋਦੀਖਾਨਾ। ਭਰ ਕੌਣ ਰਿਹੈ ਤੇ ਛੱਕ ਕੌਣ ਰਿਹਾ। ਮੇਰੇ ਵਰਗਿਆਂ ਦੀ ਫੌਜ ਵੀ ਤਾਂ ਹੁਣ ਵੱਡੀ ਹੋ ਗਈ ਹੈ। ਬਾਬਾ! ਮੈਨੂੰ ਤੇਰੇ ਕੋਈ ਗਿਲਾ ਨਹੀਂ। ਮੈਂ ਤਾਂ ਸਮਝ ਲਿਐ, ਕਿ ਲੇਖਾਂ 'ਚ ਹੀ ਇਹੋ ਲਿਖਿਐ। ਮੈਂ ਤਾਂ ਤੇਰਾ ਵਚਨ ਨਿਭਾਇਐ। ਬਾਬਾ ਤੇਰੇ ਤੇ ਮਾਣ ਹੈ। ਤੂੰ ਤਾਂ ਹਰ ਕਿਸੇ ਦੀ ਸੁਣੀ ਹੈ। ਮੇਰੀ ਵੀ ਇਸ ਕਲਮ ਤੋਂ ਸੁਣ ਲੈ। 31 ਵਰ੍ਹਿਆਂ ਦਾ ਸੇਵਕ ਸਿੰਘ ਬਠਿੰਡਾ ਦੀ ਅਮਰਪੁਰਾ ਬਸਤੀ 'ਚ ਰਹਿੰਦਾ ਹੈ। ਜਦੋਂ ਸਾਲ 1998 'ਚ ਉਸ ਨੇ ਜਮਾਂ ਦੋ ਦੀ ਪੜ੍ਹਾਈ 62 ਫੀਸਦੀ ਅੰਕਾਂ ਨਾਲ ਪੂਰੀ ਕੀਤੀ ਤਾਂ ਉਸ ਦੇ ਬਾਪ ਗੁਰਦੇਵ ਸਿੰਘ ਦੀ ਮੌਤ ਹੋ ਗਈ। ਬਾਪ ਨੂੰ ਬਚਾਉਣ ਖਾਤਰ ਪੰਜ ਸਾਲ ਬੜੀ ਭੱਜ ਨੱਠ ਕੀਤੀ। ਉਸ ਦੀ ਭੈਣ ਅਪਾਹਜ ਹੈ। ਇੱਕ ਭੈਣ ਤੇ ਭਰਾ ਵਿਆਹੇ ਹੋਏ ਹਨ। ਸਾਲ 1998 ਤੋਂ ਉਸ ਦੇ ਦੁੱਖਾਂ ਦੇ ਦਿਨਾਂ ਦਾ ਮੁੱਢ ਬੱਝ ਗਿਆ। ਬਾਪ ਦਾ ਸੁਪਨਾ ਪੂਰਾ ਕਰਨ ਵਾਸਤੇ ਉਹ ਅਧਿਆਪਕ

ਬਣਨ ਲਈ ਜ਼ਿੰਦਗੀ ਦੇ ਰਾਹ 'ਤੇ ਤੁਰਿਆ। ਉਸ ਨੇ ਤਲਵੰਡੀ ਸਾਬੋ ਦੇ ਕਾਲਜ 'ਚ ਦਾਖਲਾ ਲੈ ਲਿਆ। ਕਾਲਜ ਦੀ ਪੜ੍ਹਾਈ ਦਾ ਖਰਚਾ ਕੱਢਣ ਲਈ ਉਹ ਬਠਿੰਡਾ ਦੀ ਇੱਕ ਪ੍ਰਾਈਵੇਟ ਸਨਅਤ ਵਿੱਚ ਚੌਕੀਦਾਰ ਲੱਗ ਗਿਆ। ਪੂਰੀ ਪੂਰੀ ਰਾਤ ਉਹ ਚੌਕੀਦਾਰੀ ਕਰਦਾ। ਬਦਲੇ 'ਚ ਜੋ 3500 ਰੁਪਏ ਮਿਲਦੇ, ਉਸ ਚੋਂ ਅੱਧੇ ਮਾਂ ਨੂੰ ਦੇ ਦਿੰਦਾ। ਬਾਕੀ ਆਪਣੀ ਪੜਾਈ 'ਤੇ ਖ਼ਰਚਦਾ। ਨਾਲੋਂ ਨਾਲ ਥੋੜੇ ਬਹੁਤੇ ਬਚਾ ਕੇ ਰੱਖ ਲੈਂਦਾ। ਪੁਰਾਣੀਆਂ ਕਿਤਾਬਾਂ ਤੇ ਪੁਰਾਣੇ ਕੱਪੜੇ ਹੀ ਉਸ ਦੇ ਸਾਥੀ ਬਣੇ ਰਹੇ। ਉਹ ਅੱਧੇ ਮੁੱਲ ਵਿੱਚ ਪੁਰਾਣੀਆਂ ਕਿਤਾਬਾਂ ਖਰੀਦ ਖਰੀਦ ਕੇ ਪੜ੍ਹਿਆ। ਜਦੋਂ ਰਾਤ ਨੂੰ ਵਿਹਲ ਮਿਲਦੀ ਤਾਂ ਉਹ ਇਨ੍ਹਾਂ ਕਿਤਾਬਾਂ ਨੂੰ ਪੜ੍ਹਦਾ। ਜਦੋਂ ਉਸ ਨੇ ਪੰਜਾਬੀ ਯੂਨੀਵਰਸਿਟੀ ਅਧੀਨ ਪੈਂਦੇ ਇੱਕ ਕਾਲਜ 'ਚ ਬੀ.ਐਡ ਕਰਨ ਵਾਸਤੇ ਦਾਖਲਾ ਲਿਆ ਤਾਂ ਉਸ ਲਈ 80 ਹਜ਼ਾਰ ਰੁਪਏ ਫੀਸ ਵੱਡਾ ਮਸਲਾ ਸੀ। ਬੱਚਤ ਦੀ ਰਾਸ਼ੀ ਉਸ ਦਾ ਸਹਾਰਾ ਬਣ ਗਈ।

ਸੇਵਕ ਸਿੰਘ ਦਾ ਸਿਰੜ ਦੇਖੋ ਕਿ ਉਹ ਕਦੇ ਚੌਕੀਦਾਰੀ ਤੋਂ ਵੀ ਨਹੀਂ ਖੁੰਝਿਆ ਸੀ। ਨਾ ਹੀ ਕਦੇ ਕੋਈ ਕਲਾਸ ਲਗਾਉਣ ਤੋਂ। ਜਦੋਂ ਉਸ ਨੇ 78 ਫੀਸਦੀ ਨੰਬਰਾਂ ਨਾਲ ਬੀ.ਐਡ ਦੀ ਡਿਗਰੀ ਲਈ। ਹੌਸਲਾ ਹੋਇਆ ਕਿ ਦਿਨ ਬਦਲਣ ਵਾਲੇ ਨੇ। ਇਸ ਤੋਂ ਪਹਿਲਾਂ ਉਸ ਨੇ ਈ.ਟੀ.ਟੀ ਕਰਨ ਵਾਸਤੇ ਦਾਖਲਾ ਪ੍ਰੀਖਿਆ ਵੀ ਸਾਲ 1999 ਵਿੱਚ ਦਿੱਤੀ। ਇੱਕ ਵਾਰੀ ਨਹੀਂ, ਤਿੰਨ ਵਾਰੀ ਇਹੋ ਪ੍ਰੀਖਿਆ ਦਿੱਤੀ। ਪ੍ਰੀਖਿਆ 'ਚੋਂ ਚੰਗੇ ਨੰਬਰ ਲੈ ਜਾਂਦਾ ਸੀ ਪ੍ਰੰਤੂ ਉਦੋਂ ਦਾਖਲਾ ਪ੍ਰੀਖਿਆ ਲਈ ਇੰਟਰਵਿਊ ਦੇ 25 ਨੰਬਰ ਹੁੰਦੇ ਸਨ, ਜੋ ਉਸ ਨੂੰ ਨਸੀਬ ਨਹੀਂ ਹੁੰਦੇ ਸਨ। ਅਖੀਰ ਉਸ ਨੇ ਜੰਮੂ ਤੋਂ 75 ਫੀਸਦੀ ਅੰਕਾਂ ਨਾਲ ਈ.ਟੀ.ਟੀ ਵੀ ਕਰ ਲਈ। ਉਸ ਨੇ ਤਾਂ ਗਿਆਨੀ ਵੀ ਕੀਤੀ ਹੋਈ ਹੈ। ਦੱਸਦਾ ਹੈ ਕਿ ਜਦੋਂ ਉਸ ਨੇ ਮੈਟ੍ਰਿਕ 'ਚੋਂ 67 ਫੀਸਦੀ ਨੰਬਰ ਲਏ ਸਨ ਤਾਂ ਬਾਪ ਨੇ ਇੱਕੋ ਗੱਲ ਆਖੀ ਸੀ, 'ਸੇਵਕ ਤੈਨੂੰ ਅਧਿਆਪਕ ਬਣਾਉਣੈ'। ਉਸਦਾ ਅੱਜ ਬਾਪ ਜਿਉਂਦਾ ਹੁੰਦਾ ਤਾਂ ਉਸ ਦੇ ਦਿਲ 'ਤੇ ਕੀ ਬੀਤਣੀ ਸੀ। ਜਦੋਂ ਉਹ ਦੇਖਦਾ ਕਿ ਉਸ ਦਾ ਬੱਚਾ ਅਧਿਆਪਕ ਨਹੀਂ, ਰਿਕਸ਼ਾ ਚਾਲਕ ਬਣ ਗਿਆ ਹੈ। ਸਾਲ 2008 'ਚ ਉਸ ਦੀ ਮਾਂ ਨੂੰ ਕੈਂਸਰ ਹੋ ਗਿਆ। ਘਰ ਦੇ ਅੱਗੇ ਵਾਲੀ ਕੁਝ ਜਗ੍ਹਾਂ ਵੇਚਣੀ ਪਈ। ਪੂਰੇ ਪੌਣੇ ਤਿੰਨ ਲੱਖ ਦਾ ਖਰਚ ਆਇਆ ਇਲਾਜ 'ਤੇ। ਸੇਵਕ ਸਿੰਘ ਦੇ ਅੱਜ ਢਾਈ ਸਾਲ ਦਾ ਬੱਚਾ ਹੈ। ਉਸ ਨੇ ਬੱਚੇ ਦਾ ਨਾਮ 'ਹੈਪੀ ਸਿੰਘ' ਰੱਖਿਆ ਹੈ। ਉਹ ਦੱਸਦਾ ਹੈ ਕਿ ਉਸ ਦਾ ਬੱਚਾ ਪੂਰੀ ਜ਼ਿੰਦਗੀ ਖੁਸ਼ ਰਹੇ ਜਿਸ ਕਰਕੇ ਉਸ ਨੇ ਇਹੋ ਨਾਮ ਰੱਖਿਆ ਹੈ। ਉਸ ਦੀ ਬੱਚੇ ਨੂੰ ਚੰਗੇ ਸਕੂਲ 'ਚ ਪੜਾਉਣ ਦੀ ਸੱਧਰ ਹੈ। ਤਾਂ ਜੋ ਉਸ ਨੂੰ ਰਿਕਸ਼ਾ ਨਾ ਚਲਾਉਣਾ ਪਵੇ।

ਸੇਵਕ ਸਿੰਘ ਆਖਦਾ ਹੈ ਕਿ ਉਸ ਨੂੰ ਕੋਈ ਅਫਸੋਸ ਨਹੀਂ ਹੈ। ਉਸ ਨੇ ਤਾਂ ਕਿਰਤ ਕੀਤੀ ਹੈ, ਭੀਖ ਤਾਂ ਨਹੀਂ ਮੰਗੀ। ਉਹ ਆਪਣੇ ਤੋਂ ਨੀਵਿਆਂ ਵੱਲ ਦੇਖ ਕੇ ਜਿਉਂਦਾ ਹੈ। ਉਹ ਦੱਸਦਾ ਹੈ ਕਿ ਉਸ ਨੇ ਕਦੇ ਵੀ ਕੋਈ ਟਿਊਸ਼ਨ ਨਹੀਂ ਰੱਖੀ। ਨਾ ਹੀ ਕਦੇ ਮਾਂ ਬਾਪ ਨੂੰ ਕੋਈ ਮੁਸ਼ਕਲ ਦਾ ਅਹਿਸਾਸ ਹੋਣ ਦਿੱਤਾ ਹੈ। ਜਦੋਂ ਪਾਵਰਕੌਮ ਦੇ ਨਿਗਮੀਕਰਨ ਮਗਰੋਂ ਬਠਿੰਡਾ ਦੀ ਉਸ ਸਨਅਤ ਦਾ ਕਾਰੋਬਾਰ ਮੰਦੇ 'ਚ ਚਲਾ ਗਿਆ ਤਾਂ ਉਸ ਦੀ ਚੌਕੀਦਾਰੀ ਵੀ ਜਾਂਦੀ ਰਹੀ। ਉਸ ਅੱਗੇ ਰੋਜ਼ੀ ਰੋਟੀ ਦਾ ਮਸਲਾ ਖੜ੍ਹਾ ਹੋ ਗਿਆ। ਸਾਲ 2008 ਵਿੱਚ ਸਰਬ ਸਿੱਖਿਆ ਅਭਿਐਨ ਤਹਿਤ ਜੋ ਅਧਿਆਪਕ ਭਰਤੀ ਕੀਤੇ ਜਾਣੇ ਸਨ, ਉਸ 'ਚ ਜੋ ਸਾਂਝੀ ਮੈਰਿਟ ਬਣੀ, ਉਸ 'ਚ ਉਸ ਦਾ 16ਵਾਂ ਨੰਬਰ ਸੀ। ਉਸ ਦੀ ਕੌਂਸਲਿੰਗ ਵੀ ਹੋ ਗਈ ਸੀ ਤੇ ਦਸਤਾਵੇਜ਼ ਵੀ ਚੈੱਕ ਹੋ ਗਏ ਸਨ। ਅੱਜ ਤੱਕ ਉਸ ਦਾ ਕੋਈ ਨਤੀਜਾ ਨਹੀਂ ਆਇਆ ਹੈ। ਅਧਿਆਪਕ ਬਣਨ ਦੀ ਵੀ ਨਾਲੋਂ ਨਾਲ ਉਮੀਦ ਟੁੱਟ ਗਈ। ਉਸ ਨੂੰ ਪ੍ਰਾਈਵੇਟ ਸਕੂਲਾਂ ਕੋਲੋਂ ਵੀ ਕੋਈ ਹੁੰਗਾਰਾ ਨਾ ਮਿਲਿਆ। ਅਖੀਰ ਉਸ ਨੇ 50 ਰੁਪਏ ਪ੍ਰਤੀ ਦਿਨ ਕਿਰਾਏ 'ਤੇ ਰਿਕਸ਼ਾ ਲੈ ਲਿਆ। ਪੂਰੀ ਪੂਰੀ ਰਾਤ ਉਹ ਰਿਕਸ਼ਾ ਚਲਾਉਂਦਾ। ਇੱਕ ਰਾਤ 'ਚ ਉਹ 200 ਰੁਪਏ ਕਮਾ ਲੈਂਦਾ ਸੀ। ਉਹ ਆਖਦਾ ਹੈ ਕਿ ਜਦੋਂ ਉਸ ਨੇ ਰਿਕਸ਼ਾ ਚਲਾਉਣਾ ਸ਼ੁਰੂ ਕੀਤਾ ਤਾਂ ਉਹ ਕਈ ਦਿਨ ਉਦਾਸ ਰਿਹਾ ਸੀ। ਫਿਰ ਉਸ ਨੇ ਕਿਸ਼ਤਾਂ 'ਤੇ ਰਿਕਸ਼ਾ ਖਰੀਦ ਲਿਆ। ਜਿਸ ਦੀ ਕਿਸ਼ਤ ਉਹ ਹਰ ਮਹੀਨੇ ਭਰਦਾ ਹੈ। ਉਹ ਦੱਸਦਾ ਹੈ ਕਿ ਜ਼ਿੰਦਗੀ ਦਾ ਬੁਰਾ ਦਿਨ ਉਹ ਸੀ ਜਦੋਂ ਇੱਕ ਪੁਲੀਸ ਥਾਣੇਦਾਰ ਨੇ ਬੱਸ ਅੱਡੇ ਕੋਲ ਪਹਿਲਾਂ ਉਸ ਦੇ ਰਿਕਸ਼ੇ ਦੀ ਹਵਾ ਕੱਢ ਦਿੱਤੀ। ਉਸ ਮਗਰੋਂ ਉਸ ਦੀ ਕੁੱਟਮਾਰ ਕੀਤੀ। ਉਹ ਆਪਣਾ ਕਸੂਰ ਪੁੱਛਦਾ ਰਿਹਾ ਪ੍ਰੰਤੂ ਥਾਣੇਦਾਰ ਦੇ ਹੱਥ ਰੁਕੇ ਨਾ। ਉਸ ਨੂੰ ਅਹਿਸਾਸ ਹੋਇਆ ਕਿ ਇੱਥੇ ਮਾਰ ਕਿਰਤੀ ਨੂੰ ਹੀ ਪੈਂਦੀ ਹੈ। ਸੜਕਾਂ 'ਤੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕੋਈ ਵੱਡੀ ਕਾਰ ਵਾਲਾ ਕਰੇ ਤੇ ਚਾਹੇ ਛੋਟੀ ਕਾਰ ਵਾਲਾ, ਭੁਗਤਣਾ ਰਿਕਸ਼ੇ ਵਾਲੇ ਨੂੰ ਹੀ ਪੈਂਦਾ ਹੈ।

ਉਹ ਤਾਂ ਦੋਹਰਾ ਸੰਘਰਸ਼ ਕਰ ਰਿਹਾ ਹੈ। ਉਹ ਆਪਣੇ ਬੇਰੁਜ਼ਗਾਰ ਸਾਥੀਆਂ ਨਾਲ ਰੁਜ਼ਗਾਰ ਖਾਤਰ ਸੰਘਰਸ਼ ਵੀ ਲੜ ਰਿਹਾ ਹੈ। ਇਸੇ ਸੰਘਰਸ਼ 'ਚ ਉਹ ਲੁਧਿਆਣਾ ਅਤੇ ਫਿਰੋਜ਼ਪੁਰ ਦੀ ਜੇਲ੍ਹ ਵੀ ਕੱਟ ਚੁੱਕਾ ਹੈ। ਜਦੋਂ ਉਹ ਦਿਨ ਵੇਲੇ ਸੰਘਰਸ਼ 'ਚ ਜਾਂਦਾ ਹੈ ਤਾਂ ਉਹ ਰਾਤ ਵਕਤ ਰਿਕਸ਼ਾ ਚਲਾਉਂਦਾ ਹੈ ਤਾਂ ਜੋ ਪਰਿਵਾਰ ਚੱਲਦਾ ਰਹੇ। ਉਹ ਦੱਸਦਾ ਹੈ ਕਿ ਉਸ ਨੇ ਤਾਂ ਸੇਵਾਦਾਰ ਲੱਗਣ ਵਾਸਤੇ ਵੀ ਕਾਫੀ ਜੱਦੋਜਹਿਦ ਕੀਤੀ ਹੈ। ਉਸ ਦਾ ਸਪਨਾ ਪੀ.ਐਚ.ਡੀ ਕਰਨ ਦਾ ਹੈ। ਹੁਣ ਉਹ ਪੰਜਾਬੀ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਰਾਹੀਂ ਐਮ.ਏ (ਅੰਗਰੇਜ਼ੀ) ਦਾ ਦੂਜਾ ਭਾਗ ਕਰ ਰਿਹਾ ਹੈ। ਉਸ ਦੀ ਜੀਵਨ ਸਾਥਣ ਮਨਦੀਪ ਕੌਰ ਇਸ ਗੱਲੋਂ ਧਰਵਾਸ 'ਚ ਹੈ ਕਿ ਉਸ ਦਾ ਪਤੀ ਦ੍ਰਿੜ੍ਹਤਾ ਨਾਲ ਜ਼ਿੰਦਗੀ ਦੀ ਜੰਗ ਲੜ ਰਿਹਾ ਹੈ। ਦਿਨ ਚੜ੍ਹਦੇ ਹੀ ਉਸ ਦਾ ਰਿਕਸ਼ਾ ਚੱਲਦਾ ਹੈ ਜੋ ਕਿ ਕਦੇ ਕਦੇ ਦਿਨ ਰਾਤ ਵੀ ਨਹੀਂ ਰੁਕਦਾ ਹੈ। ਬਾਬਾ! ਮੁਆਫ਼ ਕਰੀਂ, ਮੈਂ ਤਾਂ ਤੈਨੂੰ ਆਪਣੀ ਹੀ ਰਾਮ ਕਹਾਣੀ 'ਚ ਉਲਝਾ ਲਿਆ। ਬੱਸ ਏਨੀ ਕੁ ਮਿਹਰ ਕਰੀਂ। ਮੁੜ ਫੇਰਾ ਜ਼ਰੂਰ ਪਾਈ। ਦੇਖੀ ਕਿ ਕਿਵੇਂ ਇੱਥੇ ਮਲਕ ਭਾਗੋ ਛੱਕ ਰਹੇ ਹਨ ਤੇ ਭਾਈ ਲਾਲੋ ਠੱਗੇ ਜਾ ਰਹੇ ਹਨ। ਸਰਕਾਰੀ ਮੋਦੀਖ਼ਾਨੇ ਵਾਲੇ 'ਆਪਣਿਆਂ' ਦੀ ਝੋਲੀ ਭਰੀ ਜਾ ਰਹੇ ਹਨ। ਹੁਣ ਵੀ। ਕਿਸੇ ਨੂੰ ਦਰਦ ਨਹੀਂ ਆ ਰਿਹਾ। ਤੇਰੇ ਨਾਮ 'ਤੇ ਪੰਥ ਚਲਾਉਣ ਵਾਲਿਆਂ ਨੂੰ ਵੀ ਨਹੀਂ। ਇੱਕ ਗੱਲ ਚੇਤੇ ਰੱਖੀ, ਕਿਤੇ ਪੈਦਲ ਆਇਐ ਤਾਂ ਫਿਰ ਤੇਰੀ ਵੀ ਖੈਰ ਨਹੀਂ। ਇੱਥੇ ਪੈਰ ਪੈਰ 'ਤੇ ਲੋਟੂ ਬੈਠੇ ਹਨ। ਹੁਣ ਤਾਂ ਤੇਰਾ ਸੱਚ ਦਾ ਹੋਕਾ ਸਮੇਂ ਦੇ ਬਾਬਰਾਂ ਨੂੰ ਚੰਗਾ ਵੀ ਨਹੀਂ ਲੱਗਣਾ। ਚੰਗਾ ਬਾਬਾ! ਤੇਰੇ ਨਾਲ ਚਾਰ ਗੱਲਾਂ ਕਰਕੇ ਦਿਲ ਹੌਲਾ ਹੋ ਗਿਆ। ਨਾਲੇ ਔਹ ਸਾਹਮਣੇ ਬਜ਼ੁਰਗ ਮਾਈ ਮੇਰੇ ਰਿਕਸ਼ੇ ਵੱਲ ਤੁਰੀ ਆਉਂਦੀ ਹੈ, ਉਸ ਨੂੰ ਵੀ ਛੱਡ ਆਵਾਂ। ਸੱਚ ਮੈਂ ਤਾਂ ਭੁੱਲ ਹੀ ਗਿਆ ਸੀ ਬਾਬਾ, ਤੇਰਾ ਤਾਂ ਅੱਜ ਜਨਮ ਦਿਨ ਹੈ, ਸਾਰੇ ਕਿਰਤੀਆਂ ਵਲੋਂ ਬਾਬਾ ਤੈਨੂੰ ਜਨਮ ਦਿਨ ਮੁਬਾਰਕ।

- ਸਤਨਾਮ ਚਾਨਾ

# ਇਤਿਹਾਸਕ ਪਾਤਰਾਂ ਦੀ ਅੰਦਰੂਨੀ ਤਾਕਤ ਦੀ ਮਹੱਤਤਾ

ਪੰਜਾਬ ਦੇ ਇਤਿਹਾਸ ਨੂੰ ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਦੀਆਂ ਵੱਖ ਵੱਖ ਪ੍ਰੰਪਰਾਵਾਂ ਅਤੇ ਰਵਾਇਤਾਂ ਤੋਂ ਤੋੜਕੇ ਨਹੀਂ ਦੇਖਿਆ ਜਾ ਸਕਦਾ। ਇਸ ਦੇ ਇਤਿਹਾਸ ਵਿਚ ਬੜਾ ਕੁਝ ਅਜਿਹਾ ਛੁਪਿਆ ਪਿਆ ਹੈ ਜੋ ਵਾਤਾਵਰਣ ਸਮੇਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਸਮਾਜ ਦੇ ਭਵਿੱਖ ਨੂੰ ਉਜਵਲਾ ਬਣਾਉਣ ਦੇ ਸੰਘਰਸ਼ਾਂ ਨਾਲ ਸਬੰਧਤ ਵੱਖ ਵੱਖ ਫਲਸਫ਼ੇ ਇਕ ਦੂਸਰੇ ਦੇ ਉਪਰ ਅਸਰ ਪਾਉਂਦੇ ਰਹਿੰਦੇ ਹਨ। ਇਸ ਸਮੇਂ ਵੱਖ ਵੱਖ ਕਿਸਮ ਨਾਲ ਪੰਜਾਬ ਦੀ ਹੋਣੀ ਤੇ ਅਣਹੋਣੀ ਨੂੰ ਵੱਖ ਵੱਖ ਵਿਦਵਾਨ ਆਪਣੀਆਂ ਲਿਖਤਾਂ ਰਾਹੀਂ ਪੇਸ਼ ਕਰਦੇ ਹਨ। ਬਹੁਗਿਣਤੀ ਉਲਾਰ ਪ੍ਰਵਿਰਤੀਆਂ ਦੇ ਵਹਾਅ ਵਿਚ ਆਪਣੇ ਅਨੁਸਾਰ ਠੀਕ ਬੈਠਦੀਆਂ ਇਤਿਹਾਸਕ ਘਟਨਾਵਾਂ ਅਤੇ ਵਰਤਾਰਿਆਂ ਦਾ ਉਲੇਖ ਕਰਦੀ ਹੈ। ਪ੍ਰੰਤੂ ਪੰਜਾਬੀ ਸਮਾਜ ਦੇ ਸਹੀ ਦ੍ਰਿਸ਼ਟੀਕੋਣ ਤੋਂ ਸਤਨਾਮ ਚਾਨਾ ਨੇ ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ-ਇਤਿਹਾਸਕ ਪਰਿਪੇਖ ਅਜਿਹੀ ਲਿਖਤ ਪੰਜਾਬੀ ਸਮਾਜ ਨੂੰ ਦਿੱਤੀ ਹੈ ਜਿਸ ਬਾਰੇ ਗਹਿਰ ਗੰਭੀਰ ਵਿਚਾਰ-ਚਰਚਾ ਦੀ ਜ਼ਰੂਰਤ ਹੈ। ਇਸ ਲੋੜ ਦੀ ਪੂਰਤੀ ਹਿੱਤ ਉਪਰੋਕਤ ਲਿਖਤ ਦੇ ਰਹੇ ਹਾਂ।



ਪੰਜਾਬ ਦੀ ਅਣਖੀਲੀ ਗਾਇਕੀ ਦੀ ਪ੍ਰਤੀਨਿਧਤਾ ਕਰਦੇ ਕਵੀਸ਼ਰੀ ਜਥਿਆਂ ਨੂੰ ਇਤਿਹਾਸਕ ਪ੍ਰਸੰਗਾਂ ਨਾਲ ਜੋੜ ਕੇ ਪੇਸ਼ ਕਰਨ ਵਾਲੇ ਵਾਰਾਂ ਦੇ ਪ੍ਰਸਿੱਧ ਰਚੇਤਾ ਹਰਿੰਦਰ ਸਿੰਘ ਰੂਪ ਲਿਖਦੇ ਹਨ

ਬੰਦਾ ਸਿੰਘ ਸੀ ਸਹਾਰਾ ਹਰ ਮਜ਼ਲੂਮ ਦਾ
ਹੈ ਸੀ ਹਰਮਨ ਪਿਆਰਾ ਦੇਖੋ ਸੋਚਕੇ
ਹੱਕ ਲੈਣ ਦਾ ਭਾਰਾ ਹਾਮੀਂ ਹੋ ਗਿਆ
ਦੱਸਿਆ ਅਜਬ ਨਜ਼ਾਰਾ ਭੋਇੰ ਵੰਡਕੇ
ਕੱਢਿਆ ਰਾਹ ਨਿਆਰਾ ਮਾਰਕਸਵਾਦ ਦਾ
ਲਗਦਾ ਕਿਉਂ ਨਾ ਪਿਆਰਾ ਹਰ ਇਨਸਾਨੂੰ
ਵੰਡ ਛਕਣ ਦੀ ਧਾਰਾ ਕੱਢੀ ਅੰਮ੍ਰਿਤੋਂ
ਬਣਿਆ ਖੂਬ ਸਹਾਰਾ ਦੁਖੀਏ ਦੇਸ਼ ਦਾ।

ਉਪਰੋਕਤ ਲਾਈਨਾਂ ਬੰਦਾ ਸਿੰਘ ਬਹਾਦਰ ਦੀ ਸੋਚ ਅਤੇ ਸਮਝਦਾਰੀ ਨੂੰ ਕੇਂਦਰ ਵਿਚ ਰੱਖ ਕੇ ਲਿਖੀਆਂ ਗਈਆਂ ਹਨ।

ਹਾਲਾਂ ਕਿ ਪੰਜਾਬ ਦੇ ਇਤਿਹਾਸ ਦੀਆਂ ਕੁਝ ਗੰਭੀਰ ਪੇਚੀਦਗੀਆਂ ਅਤੇ ਥਾਂ-ਥਾਂ ਮਿਲਦੀਆਂ ਆਪਾ ਵਿਰੋਧੀ ਸੂਚਨਾਵਾਂ ਨਾਲ ਦੋ ਚਾਰ ਹੁੰਦਿਆਂ ਜੋ ਪ੍ਰੇਸ਼ਾਨੀ ਪੈਦਾ ਹੋਈ ਉਹ ਅਲਬਰੂਨੀ ਨੇ ਕਾਫ਼ੀ ਤੱਕ ਘਟਾ ਦਿੱਤੀ ਹੈ। ਉਸ ਦਾ ਮੰਨਣਾ ਹੈ ਕਿ ਭਾਰਤੀ ਇਤਿਹਾਸ ਦੇ ਘਟਨਾਕ੍ਰਮ ਬਾਰੇ ਜਦੋਂ ਭਾਰਤੀ ਇਤਿਹਾਸਕਾਰਾਂ ਨਾਲ ਤੱਥਾਂ ਅਤੇ ਤਿੱਥੀਆਂ ਦੇ

ਆਧਾਰ ਤੇ ਵਿਚਾਰ ਵਟਾਂਦਰਾ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਹ ਕਹਾਣੀਆਂ ਸੁਣਾਉਣ ਲੱਗ ਪੈਂਦੇ ਹਨ।ਅਲਬਰੂਨੀ ਨੇ ਇਹ ਟਿੱਪਣੀ ਭਾਵੇਂ 1000 ਈਸਵੀ ਤੋਂ ਪਹਿਲਾਂ ਵਾਲੇ ਇਤਿਹਾਸਕਾਰਾਂ ਬਾਰੇ ਕੀਤੀ ਸੀ ਪ੍ਰੰਤੂ ਪ੍ਰਤੀਤ ਇੰਝ ਹੁੰਦਾ ਹੈ ਕਿ ਸਾਡੀ ਇਤਿਹਾਸਕਾਰੀ ਅਗਲੇ ਇਕ ਹਜ਼ਾਰ ਸਾਲ ਬਾਅਦ ਵੀ ਅਜਿਹੇ ਰੁਠਾਂਲ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੀ।ਇਹ ਸ਼ਾਇਦ ਇਸ ਕਰਕੇ ਹੈ ਕਿ ਪਾਰਤੀ ਵਿਦਵਾਨ, ਪੂਰਵ ਈਸਾ ਦੀਆਂ ਸਦੀਆਂ ਤੋਂ ਹੀ, ਭਾਰਤੀ ਸਮਾਜ ਦਾ ਇਤਿਹਾਸ ਖੋਜਣ ਦੀ ਥਾਂ ਦੇਵੀ ਦੇਵਤਿਆਂ ਦੇ ਇਤਿਹਾਸ ਅਤੇ ਉਸੇ ਦ੍ਰਿਸ਼ਟੀਕੋਣ ਤੋਂ ਬ੍ਰਹਿਮੰਡ ਦੀ ਉਤਪਤੀ ਦੇ ਇਤਿਹਾਸ ਨੂੰ ਜਾਨਣ ਵਿਚ ਵਧੇਰੇ ਰੁਚਿਤ ਰਹੇ ਹਨ। ਸਮਾਜ ਵਿਚ ਵਾਪਰਦੀਆਂ ਸੱਚੀਆਂ ਘਟਨਾਵਾਂ ਦੇ ਵੇਰਵਿਆਂ ਨੂੰ ਥਾਂ ਸਿਰ ਭੰਡਾਰ ਕਰਨਾ ਜਾਂ ਉਨ੍ਹਾਂ ਦੀ ਮਿਸਲ ਤਿਆਰ ਕਰਨੀ ਏਨੀ ਮਹੱਤਵਪੂਰਨ ਨਹੀਂ ਸਮਝੀ ਗਈ।ਅੱਜ ਤੱਕ, ਨਿਰੰਤਰ ਸਮਝਿਆ ਜਾਂਦਾ ਰਿਹਾ ਹੈ ਕਿ ਹਰ ਘਟਨਾ ਵਿਚ, ਅਟਲ ਤੌਰ 'ਤੇ ਕੋਈ ਨਾ ਕੋਈ ਕਰਾਮਾਤ ਹੁੰਦੀ ਹੈ। ਇਹੀ ਕਾਰਨ ਨਜ਼ਰ ਆਉਂਦਾ ਹੈ ਕਿ ਭਾਰਤੀ ਵਿਦਵਾਨ, ਕੇਵਲ ਸਾਹਿਤ ਰਚਨਾ ਵਿਚ ਹੀ ਰੁਚੀ ਰੱਖਦੇ ਸਨ ਜਿਸ ਕਰਕੇ ਵੱਡੇ ਚਮਤਕਾਰ ਵੀ ਉਨ੍ਹਾਂ ਨੇ ਸਾਹਿਤ ਰਚਨਾ ਵਿਚ ਹੀ ਕੀਤੇ। ਇਸੇ ਵਿਚ ਹੀ ਇਤਿਹਾਸ ਸੀ ਅਤੇ ਇਸੇ ਵਿਚ ਹੀ ਵਿਗਿਆਨ ਸੀ ਜੋ ਆਮ ਕਰਕੇ ਛੰਦਬੰਦ ਕਹਾਣੀਆਂ ਦੇ ਰੂਪ ਵਿਚ ਉਪਲਬਧ ਹੈ। ਵਾਸਤਵ ਵਿਚ ਇਹ ਧਾਰਮਿਕ ਸਾਹਿਤ ਸੀ ਜਿਸ ਦੀ, ਲਿਖਤਾਂ ਉਪਰ ਅਜਾਰਾਦਾਰੀ ਸੀ ਅਤੇ ਜਿਸ ਨੇ ਸਮਾਜਿਕ ਬੌਧਿਕਤਾ ਨੂੰ ਅੱਜ ਤੱਕ ਜਕੜ ਰੱਖਿਆ ਹੈ। ਇਸੇ ਹੀ ਤਰਜ਼ੇਬਿਆਨ ਨੇ ਬਾਅਦ ਦੇ ਲੇਖਕਾਂ ਨੂੰ ਵੀ ਆਪਣੇ ਪ੍ਰਭਾਵ ਤੋਂ ਮੁਕਤ ਨਹੀਂ ਹੋਣ ਦਿੱਤਾ। ਇਸ ਪ੍ਰਵਿਰਤੀ ਦੇ ਜਾਰੀ ਰਹਿਣ ਵਿਚ ਇਕ ਹੋਰ ਸ਼ਕਤੀਸ਼ਾਲੀ ਕਾਰਨ ਦੀ ਵੀ ਭੂਮਿਕਾ ਹੈ। ਇਹ ਕਾਰਨ, ਪਾਠਕ ਦੀ ਮਾਨਸਿਕਤਾ ਹੈ ਜਿਹੜੀ ਸਾਹਿਤ ਦੀ ਉਪਰੋਕਤ ਵਿਧਾ ਵਿਚ ਰਹਿਣ ਦੀ ਆਦੀ ਹੋ ਚੁੱਕੀ ਹੈ।ਉਹ ਧਾਰਮਿਕ ਸਾਹਿਤ ਦੇ ਏਨਾ ਅਨੁਕੂਲ ਹੋ ਚੁੱਕੇ ਹਨ ਕਿ ਆਪਣੇ ਸੰਕਲਪਾਂ ਅਤੇ ਧਾਰਨਾਵਾਂ ਦਾ, ਅਣਗਿਣਤ ਸਦੀਆਂ ਪੁਰਾਣਾ ਜੱਦੀ ਮਹੱਲ ਤੱਥਾਂ ਤੇ ਤਿੱਖੀਆਂ ਦੇ ਭੂਚਾਲੀ ਝਟਕਿਆਂ ਨਾਲ ਧੜੱਮ ਕਰਕੇ ਡਿੱਗਦਾ ਬਰਦਾਸ਼ਤ ਨਹੀਂ ਕਰਨਗੇ। ਸ਼ਾਇਦ ਇਹੀ ਕਾਰਨ ਹੈ ਕਿ ਵਿਗਿਆਨਕ ਸਰੋਤਾਂ ਦੇ ਸਹਾਰੇ ਉਸਰਦਾ ਇਤਿਹਾਸ ਸੁਹਿਰਦ ਲੇਖਕਾਂ ਹੱਥੋਂ ਵੀ, ਅਚਾਨਕ ਹੀ ਸਾਖੀ ਵਿਚ ਤਬਦੀਲ ਹੋ ਜਾਂਦਾ ਹੈ, ਜਿਹੜਾ ਦੋਸ਼ ਕਿ ਅਬਲਰੂਨੀ ਨੇ ਲਗਾਇਆ ਹੈ। ਅਲਬਰੂਨੀ ਮਹਿਮੂਦ ਗ਼ਜਨਵੀ ਨਾਲ ਭਾਰਤ ਆਇਆ ਸੀ।ਜੇਕਰ ਉਹ ਭਾਰਤੀ ਹੀ ਹੁੰਦਾ ਤਾਂ ਸ਼ਾਇਦ ਪਾਠਕਾਂ ਦੇ ਇਸੇ ਹੀ ਚਸਕੇ ਤੋਂ ਪ੍ਰਭਾਵ ਰਹਿਤ ਨਾ ਰਹਿ ਸਕਦਾ। ਲੇਖਕਾਂ ਨੇ ਮਨ੍ਹਾਂ ਵਿਚ, ਕਿਤੇ ਨਾ ਕਿਤੇ, ਪਾਠਕਾਂ ਤੋਂ ਨਿਖੜ ਜਾਣ ਦਾ ਡਰ ਛੁਪਿਆ ਰਿਹਾ ਹੈ। ਇਹ ਵਰਤਾਰਾ ਅਜੇ ਵੀ ਨਿਰੰਤਰ ਚਲ ਰਿਹਾ ਹੈ। ਸਿ ਕਰਕੇ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਹਥਲੀ ਕਿਰਤ ਇਸ ਵਰਤਾਰੇ ਦੀ ਗਰੁਤਾ ਤੋਂ ਅਸਲੋਂ ਹੀ ਮੁਕਤ ਰਹੀ ਹੈ।

ਭਾਰਤ ਦੇ ਪ੍ਰਾਚੀਨ ਅਤੇ ਮੱਧਕਾਲੀ ਸਮਾਜ ਦੇ ਇਤਿਹਾਸ ਅਤੇ ਇਸ ਦੀ ਬਣਤਰ ਨੂੰ ਜਾਣੇ ਬਿਨਾਂ ਪੰਜਾਬ ਕਮਿਊਨ ਦੀ ਉਤਪਤੀ ਨੂੰ ਜਾਨਣਾ ਸੰਭਵ ਨਹੀਂ ਜਦੋਂ ਿ ਕਉਪਲਬੱਧ ਇਤਿਹਾਸ, ਸਾਰੇ ਦਾ ਸਾਰਾ ਹੀ ਅਸਪਸ਼ਟਤਾ ਦੇ ਧੁੰਦਲਕੇ ਵਿਚ ਹੈ। ਪ੍ਰਾਚੀਨ ਇਤਿਹਾਸ ਤਾਂ ਵੈਦਿਕ ਸਮਹਿਤਾ, ਬ੍ਰਾਹਮਣਾ, ਉਪਨਿਸ਼ਦਾਂ, ਬੁੱਧ ਪਿਕਟਾਂ, ਜੈਨ ਸੂਤਰਾਂ ਆਦਿਵਿਚ ਅੰਕਿਤ ਘਟਨਾਵਾਂ ਅਤੇ ਸੰਕੇਤਾਂ ਨੂੰ ਜੋੜ ਜੋੜ ਕੇ, ਪੁਰਾਤਤਵ ਲੱਭਤਾਂ ਦੀ ਸਹਾਇਤਾ ਨਾਲ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਅਨੇਕ ਪ੍ਰਕਾਰ ਦੀਆਂ ਟਕਰਾਵੀਆਂ ਧਾਰਨਾਵਾਂ ਹਨ। ਇਸ ਦੇ ਮੂਲ ਤੱਤ ਰਮਾਇਣ ਅਤੇ ਮਹਾਭਾਰਤ ਵਿਚੋਂ ਮਿਲਦੇ ਹਨ ਜਿਹੜੇ ਕਿ ਅਸੰਤੋਸ਼ਜਨਕ ਹਨ। ਇਸ ਤੋਂ ਇਲਾਵਾ, ਸਹਾਇਤਾ ਵਾਸਤੇ 18 ਪੁਰਾਣ ਉਪਲਬਧ ਹਨ। ਵਿਦੇਸ਼ੀ ਸੈਲਾਨੀਆ ਨੇ ਜੋ ਕੁਝ ਲਿਖਿਆ ਹੈ ਉਹ ਸੁਣਿਆ ਸੁਣਾਇਆ ਜਾਂ ਸਫ਼ਰਨਾਵੇਂ ਵਾਂਗ ਜਾਤੀ ਤਜਰਬੇ ਤੇ ਆਧਾਰਿਤ ਹੈ।ਇਨ੍ਹਾਂ ਵਿਚ ਯੂਨਾਨੀ, ਚੀਨੀ ਅਤੇ ਅਰਬੀ ਲੇਖਕ ਹਨ। ਰਾਮਾ ਸ਼ੰਕਰ ਤ੍ਰਿਪਾਠੀ ਦਾ ਮੰਨਣਾ ਹੈ ਕਿ ਪੰਜਾਬ ਬਾਰੇ ਵਧੇਰੇ ਅਤੇ ਵਧੇਰੇ ਵਾਸਵਿਕ ਜਾਣਕਾਰੀ ਅਰਬੀ ਇਤਿਹਾਸਕਾਰਾਂ ਤੋਂ ਮਿਲਦੀ ਹੈ।ਭਾਰਤ ਦੇ ਇਤਿਹਾਸ ਬਾਰੇ ਚੰਦਰ ਗੁਪਤ ਮੌਰੀਆ ਦੇ ਦਰਬਾਰ ਵਿਚ ਨਿਯੁਕਤ ਰਹੇ ਸਲੋਕਸ ਦੇ ਰਾਜਦੂਤ ਮੈਗਸਥਨੀਜ਼ ਨੇ ਭਰਪੂਰ ਜਾਣਕਾਰੀ ਇਕੱਤਰ ਕੀਤੀ ਸੀ ਪ੍ਰੰਤੂ ਉਸ ਦੀਆਂ ਆਪਣੀਆਂ ਕਿਰਤਾਂ ਉਪਲਬਧ ਹੀ ਨਹੀਂ ਹਨ ਜਿਨ੍ਹਾਂ ਦੇ ਕੁਝ ਹਿੱਸੇ ਅਤੇ ਹਵਾਲੇ ਦੂਜੇ ਯੂਨਾਨੀ ਇਤਿਹਾਸਕਾਰਾਂ ਦੀਆਂ ਕਿਰਤਾਂ ਵਿਚੋਂ ਹੀ ਮਿਲਦੇ ਹਨ ਜਿਨ੍ਹਾਂ ਨੂੰ ਭਾਰਤੀ ਇਤਿਹਾਸਕਾਰ ਵੀ ਇਸਤੇਮਾਲ ਕਰਦੇ ਆ ਰਹੇ ਹਨ।

ਫੇਰ ਵੀ ਭਾਰਤੀ ਸਮਾਜ ਦੀ ਸਭ ਤੋਂ ਵਿਲੱਖਣ ਸਮੱਸਿਆ ਇਹ ਹੈ ਕਿ ਇਸ ਦੇ ਕਿਸੇ ਇਕ ਖੇਡ ਦੇ ਵਸਨੀਕਾਂ ਦਾ ਸਭਿਆਚਾਰ ਤੇ ਸਮਾਜਿਕ ਬਣਤ ਦੂਜੇ ਖੇਡ ਨਾਲ ਨਹੀਂ ਮਿਲਦੀ।ਜਿੰਨੀ ਜਾਣਕਾਰੀ ਉਪਲਬਧ ਹੈ ਉਸ ਵਿਚੋਂ ਪੰਜਾਬ ਬਾਰੇ ਸੰਕੇਤ ਬੜੀ ਮਿਹਨਤ ਨਾਲ ਲੱਭਣੇ ਪੈਂਦੇ ਹਨ।ਹੈਰਾਨੀ ਦੀ ਗੱਲ ਇਹ ਹੈ ਕਿ ਜੇਕਰ ਯੂਨਾਨੀ ਲੇਖਕਾਂ ਦੀਆਂ ਕਿਰਤਾਂ ਨਾ ਹੁੰਦੀਆਂ ਤਾਂ ਸਾਨੂੰ ਭਾਰਤੀ ਇਤਿਹਾਸਕਾਰਾਂ ਦੀਆਂ ਰਚਨਾਵਾਂ ਤੋਂ ਪਤਾ ਹੀ ਨਾ ਲੱਗਦਾ ਕਿ ਮਕਦੂਨੀਆ (ਯੂਨਾਨੀਆਂ) ਨੇ ਭਾਰਤ ਤੇ ਕਿਥੇ ਕਿਥੇ ਤੇ ਕਿੰਨੇ ਹਮਲੇ ਕੀਤੇ ਸਨ। ਇਸ ਕਰੇ ਪੰਜਾਬ ਦੇ ਅਸਲ ਇਤਿਹਾਸ, ਅਸਲ ਸਮਾਜਿਕ ਬਣਤਰ ਅਤੇ ਅਸਲ ਸਭਿਆਚਾਰ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈਣ ਵਾਸਤੇ, ਉਪਰੋਕਤ ਤੋਂ ਇਲਾਵਾ, ਸਰੋਤਾਂ ਦੀ ਛਾਣਬੀਣ ਵੱਲ ਵੀ ਉਚੇਚਾ ਧਿਆਨ ਦੱਤਾ ਗਿਆ ਹੈ।

ਪੰਜਾਬੀ ਸਮਾਜ ਦੀ ਉਸਾਰੀ ਵਿਚ ਅਤੇ ਇਸ ਦੇ ਇਤਿਹਾਸ ਦੀ ਰਚਨਾ ਵਿਚ ਸਿੱਖ ਲਹਿਰ ਦੇ ਸਥਾਨ ਨੂੰ ਨਿਸ਼ਚਿਤ ਕਰਨ ਸਾਹਮਣੇ ਵੀ ਅਜਿਹੀਆਂ ਹੀ ਦਿੱਕਤਾਂ ਹਨ। ਸਿੱਖ ਇਤਿਹਾਸ ਬਾਰੇ ਉਪਲਬਧ ਸਰੋਤਾਂ ਵਿਚ ਲੇਖਕਾਂ ਦੀਆਂ ਵਿਸ਼ੇਸ਼ ਪ੍ਰਤੀਬੱਧਤਾਵਾਂ, ਬੇਲੋੜਾ ਉਲਾਰਪਣ, ਕਾਵਿਕ ਮਨੋ-ਬਿਰਤੀ, ਕਲਪਨਿਕ ਉਡਾਰੀਆਂ ਅਤੇ ਬੌਧਿਕ ਸੀਮਾਵਾਂ ਦੇ ਉਜਾਗਰ ਸਬੂਤ ਪ੍ਰਾਪਤ ਹਨ।

ਵੱਧ ਤੋਂ ਵੱਧ ਯਥਾਰਥ ਰਹਿਣ ਲਈ, ਇਤਿਹਾਸ ਦੀ ਖੋਜ ਨਾਲ ਸਬੰਧਤ ਪ੍ਰਮੁੱਖ



ਵਿਸ਼ਿਆਂ ਦੇ ਸਿਧਾਂਤਕ ਪੈਮਾਨਿਆਂ, ਪ੍ਰਯੋਗਾਂ ਅਤੇ ਨਿਚੋੜਾਂ ਨੂੰ ਖੋਜ ਦੇ ਆਰੰਭ ਤੋਂ ਪਹਿਲਾਂ ਹੀ ਵਿਚਾਰਿਆ ਜਾ ਰਿਹਾ ਹੈ, ਜਿਨ੍ਹਾਂ ਉਪਰ ਅਸੀਂ, ਸਾਰੀਆਂ ਉਪਲਬਧ ਘਟਨਾਵਾਂ ਅਤੇ ਵੇਰਵਿਆਂ ਨੂੰ ਪਰਖ ਸਕਾਂਗੇ। ਕਿਸੇ ਵੀ ਕਾਲ ਖੰਡ ਅਤੇ ਕਿਸੇ ਵੀ ਰਾਜਨੀਤਕ ਘਟਨਾਕ੍ਰਮ ਬਾਰੇ ਉਪਲਬਧ ਜਾਣਕਾਰੀ ਬਾਰੇ ਪੈਦਾ ਹੋਣ ਵਾਲੇ ਕਿਸੇ ਵੀ ਉਲਝੇਵਾਂ ਵਿਚੋਂ ਨਿਕਲਣ ਲਈ ਇਨ੍ਹਾਂ ਵਿਗਿਆਨਕ ਸਿਧਾਂਤਾਂ ਤੇ ਸਿੱਟਿਆਂ ਨੂੰ ਪ੍ਰਯੋਗ ਵਿਚ ਲਿਆਂਦਾ ਜਾ ਸਕੇਗਾ। ਇਸ ਕਰਕੇ ਹਥਲੀ ਕਿਰਤ ਵਿਚ ਇਨ੍ਹਾਂ ਦਾ ਵਾਰ ਵਾਰ ਜ਼ਿਕਰ ਵੀ ਆ ਸਕਦਾ ਹੈ ਜੋ ਸ਼ਾਇਦ ਅਕੇਵੇਂ ਵਾਲਾ ਵੀ ਹੋਵੇ।ਪਰ, ਇਹ ਪ੍ਰਸਥਿਤੀਆਂ ਦੀ ਪਾਰਦਰਸ਼ੀ ਛਾਣਬੀਣ ਲਈ, ਨਾ ਟਾਲਣਯੋਗ ਹੈ।

ਇਸ ਕਿਰਤ ਦਾ ਕੇਂਦਰੀ ਮਨੋਰਥ, 'ਪੰਜਾਬ ਕਮਿਊਨ' ਨੂੰ ਸਰਦਖਾਨੇ ਤੋਂ ਬਾਹਰ ਲਿਆਉਣਾ ਅਤੇ ਵਿਗਿਆਨਕ ਪੜਤਾਲ ਦੇ ਏਜੰਡੇ ਤੇ ਰੱਖਣਾ ਹੈ। ਇਥੇ ਪੰਜਾਬ ਕਮਿਊਨ, ਉਸ ਇਤਿਹਾਸਕ ਘਟਨਾ ਨੂੰ ਕਿਹਾ ਗਿਆ ਹੈ ਜਿਸ ਵਿਚ ਪੰਜਾਬ ਦੀ ਜਾਗੀਰਦਾਰੀ ਨੂੰ 'ਇਕ ਝਟਕੇ ਵਿਚ' ਖਤਮ ਕਰਕੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸੰਸਾਰ ਦੇ ਕਈ ਭਾਗਾਂ ਵਿਚ ਕਿਸਾਨ ਕ੍ਰਾਂਤੀਆਂ ਉਠਨ ਦੇ ਸਬੂਤ ਹਨ ਪਰ ਅਜਿਹਾ ਕਿਤੇ ਵੀ ਨਹੀਂ ਵਾਪਾਰਿਆ ਜੋ ਰਾਜ ਸੱਤਾ ਦੀ ਸਥਾਪਤੀ ਕਰਨ ਉਪਰੰਤ ਕੀਤਾ ਗਿਆ ਹੋਵੇ। ਇਹ ਸੰਸਾਰ ਦੀ ਪਹਿਲੀ ਸਫ਼ਲ ਵਰਗ ਕ੍ਰਾਂਤੀ ਸੀ, ਜਿਸ ਨੂੰ ਭਾਵੇਂ ਕਿ ਸਮੁੱਚੇ ਜਗੀਰਦਾਰੀ ਵਰਗ ਨੇ, ਧਰਮਾਂ ਤੇ ਜਾਤਾਂ ਤੋਂ ਉਪਰ ਉਠਦਿਆਂ, ਇਕ ਜੁੱਟ ਹੋ ਕੇ ਕੁਚਲ ਦਿੱਤਾ ਸੀ। ਇਹ ਕ੍ਰਾਂਤੀ ਬਿਨਾਂ ਕਿਸੇ ਫਲਸਫੇ, ਬਿਨਾਂ ਕਿਸੇ ਲੰਬੀ ਸਿਧਾਂਤਕ ਜਦੋ ਜਹਿਦ ਅਤੇ



ਬਿਨਾਂ ਕਿਸੇ ਲੰਬੇ ਜਨਤਕ ਸੰਘਰਸ਼ ਤੋਂ, ਅਚਾਨਕ ਹੀ ਨਹੀਂ ਵਾਪਰ ਗਈ ਸੀ।ਇਸ ਦਾ ਲੰਬਾ ਪਿਛੋਕੜ ਸੀ।ਪਰ ਵੱਡੀ ਮਹੱਤਤਾ ਵਾਲੀ ਇਹ ਕ੍ਰਾਂਤੀ ਆਪਣੇ ਵਾਸਤਵਿਕ ਰੂਪ ਵਿਚ ਸੰਸਾਰ ਸਾਹਮਣੇ ਨਾ ਉਭਰੀ।ਪੰਜਾਬ ਕਮਿਊਨ ਇਕ ਅਜਿਹਾ, ਲਾਮਿਸਾਲ ਪ੍ਰਯੋਗ ਸੀ ਜਿਸ ਤੋਂ ਵਿਗਿਆਨਕ ਵਿਸ਼ਲੇਸ਼ਣਕਾਰ ਲਾਹੇਵੰਦ ਨਿਚੋੜ ਪ੍ਰਾਪਤ ਕਰ ਸਕਦੇ ਸਨ। ਇਸ ਵਿਚ ਵੱਡਾ ਦੋਸ਼ ਪੰਜਾਬੀ ਵਿਦਵਤਾ ਦਾ ਪ੍ਰਤੀਤ ਹੁੰਦਾ ਹੈ ਜਿਸ ਦੇ ਮਿਆਰਾਂ ਵਿਚ ਅਧਿਆਤਮਕਤਾ ਦੇ ਮੁਕਾਬਲੇ ਸਮਾਜੀ ਤੇ ਰਾਜਕੀ ਵਿਵਸਥਾ ਦੇ ਫੇਰਬਦਲ ਦੀ ਕੀਮਤ ਨਿਗੂਣਲੀ ਹੀ ਸੀ।ਹੁਣ ਸ਼ਾਇਦ ਇਤਿਹਾਸ ਦੇ ਸਬਕਾਂ ਭਰਪੂਰ ਅਧਿਆਏ ਤੋਂ ਲਾਪ੍ਰਵਾਹੀ ਦੀ ਧੂੜ ਹਟਣੀ ਅਰੰਭ ਹੋ ਗਈ ਹੈ। ਇਸ ਇਤਿਹਾਸਕ ਘਟਨਾਕ੍ਰਮ ਦਾ ਨਾਇਕ ਬੰਦਾ ਸਿੰਘ ਬਹਾਦਰ ਹੈ।

ਬੰਦਾ ਸਿੰਘ ਬਹਾਦਰ ਨਾਲ ਸਬੰਧਤ ਇਤਿਹਾਸ ਬਾਰੇ, ਨਿਰਸੰਦੇਹ ਇਹ ਸਬੋਧ ਸਥਾਪਿਤ ਹੋ ਗਿਆ ਹੈ ਕਿ ਇਹ ਵਰਗ ਵਿਭਾਜਤ ਸਮਾਜ ਦੇ ਇਤਿਹਾਸ ਦੀ ਵਿਸ਼ਵੀ ਮਹੱਤਤਾ ਵਾਲੀ ਘਟਨਾ ਸੀ ਜਿਸਨੇ ਵਰਗ ਸੰਘਰਸ਼ ਵਿਚ ਨਵੇਂ ਕੀਰਤੀਮਾਨੀ ਸਿਰਜੇ ਸਨਉਂ ਪ੍ਰੰਤੂ ਇਹ ਘਟਨਾ ਗਲਤ ਬਿਆਨੀ ਅਤੇ ਬੇਧਿਆਨੀ ਦਾ ਸ਼ਿਕਾਰ ਹੋ ਕੇ ਰਹਿ ਗਈ ਜਿਸ ਨੇ ਕੁਝ ਕੁ ਮਹੱਤਵਪੂਰਨ ਧਾਰਨਾਵਾਂ ਨੂੰ ਮੁੜ ਵਿਚਾਰ ਦਾ ਵਿਸ਼ਾ ਬਣਾ ਦਿੱਤਾ ਹੈ।ਇਸ ਕਰਕੇ ਇਹ ਕੇਵਲ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਦੀ ਤਰਕਪੂਰਨ ਛਾਣਬੀਣ ਜਾਂ ਯਥਾਰਥਕ ਨਿਰੀਖਣ ਦਾ ਮਾਮਲਾ ਹੀ ਨਹੀਂ ਰਹਿ ਗਿਆ।ਕੁਝ ਅਜਿਹੇ ਪ੍ਰਸ਼ਨ ਵੀ ਉਤਪੰਨ ਹੋ ਗਏ ਹਨ ਜਿਹੜੇ ਕਿ ਇਤਿਹਾਸ ਦੀ ਪੜਤਾਲ ਵਿਚ ਆਪਣਾ ਮਹੱਤਵਪੂਰਨ ਸਥਾਨ ਰੱਖਦੇ ਹਨ। ਤਕਰੀਬਨ ਤਿੰਨ ਸਦੀਆਂ ਦੇ ਲੰਬੇ ਅਰਸੇ ਉਪਰੰਤ ਜਿਸ ਪ੍ਰਕਾਰ ਸੁਚੇਤ ਅਤੇ ਅਚੇਤ ਹਲਕਿਆਂ ਨੇ ਬੰਦਾ ਸਿੰਘ ਬਹਾਦਰ ਨੂੰ ਮੰਚ ਦੇ ਕੇਂਦਰ ਵਿਚ ਲਿਆਂਦਾ ਹੈ ਉਸੇ ਵਿਚੋਂ ਹੀ ਇਹ ਸਵਾਲ ਉਤਪੰਨ ਹੋਏ ਹਨ। ਉਦਾਹਰਣ ਵਾਸਤੇ-ਸਬੰਧਤ ਇਤਿਹਾਸ ਦੇ ਸਪਸ਼ਟੀਕਰਨ ਦੀ ਹੁਣ ਕਿਉਂ ਲੋੜ ਪੈ ਗਈ ਹੈ? ਇਹ ਲੋੜ ਪਹਿਲਾਂ ਕਿਉਂ ਨਹੀਂ ਮਹਿਸੂਸ ਕੀਤੀ ਗਈ? ਜਨਸਮੂਹਾਂ ਦੀ ਬੰਦਾ ਸਿੰਘ ਬਹਾਦਰ ਨਾਲ ਭਾਵਨਾਤਮਕ ਸਾਂਝ ਪਹਿਲਾਂ ਕਿਉਂ ਅਲੋਪ ਰਹੀ ਅਤੇ ਹੁਣ ਫੁਹਾਰੇ ਵਾਂਗ ਕਿਉਂ ਉੱਠ ਪਈ ਹੈ। ਇਸ ਕ੍ਰਾਂਤੀਕਾਰੀ ਘਟਨਾ ਨੂੰ ਪੰਜਾਬ ਅਤੇ ਬਾਹਰ ਦੇ ਖੋਜ ਖੇਤਰਾਂ ਵਿਚ ਗੰਧਲਾ ਜਾਂ ਅਣਗੌਲਿਆਂ ਕਿਉਂ ਕੀਤਾ ਗਿਆ? ਦੁਨੀਆ ਦੇ ਸਿਰਕੱਢ ਚਿੰਤਕਾਂ ਵਲੋਂ ਸਥਾਪਤ ਕੀਤੀਆਂ ਧਾਰਨਾਵਾਂ ਦੇ ਪ੍ਰਸੰਗ ਵਿਚ ਬੰਦਾ ਸਿੰਘ ਬਹਾਦਰ ਦੇ ਕਾਰਨਾਵਿਆਂ ਦਾ ਚਰਿੱਤਰ ਕਿਹੜਾ ਹੈ? ਕੀ ਇਹ 'ਪੰਜਾਬ ਸਾਂਝੀਵਾਲਤਾ' ਅਥਵਾ ਸਮਾਜਵਾਦ ਦੀ ਸਥਾਪਨਾ ਦਾ ਸੰਘਰਸ਼ ਸੀ? ਕੀ ਵਰਗ ਸੰਘਰਸ਼ ਅਤੇ ਨਿਚਲੇ ਵਰਗਾਂ ਦੀ ਸੱਤਾ, ਵੀ ਧਰਮ ਦਾ ਏਜੰਡਾ ਬਣ ਸਕਦੀ ਹੈ? ਆਦਿ।

Avtar Singh Kamboj
Sales Representative
Sutton®
Direct : 416.319.9830
Sutton Group - Commitment Realty Ltd. BROKERAGE
Independently Owned & Operated
45 Woodbine Downs Blvd., Unit #3
Toronto, Ontario M9W 6N5
Bus: 905-746-9494
Fax: 416-674-1682
E-mail: akamboj@trebnet.com
web: www.suttongroupcommitment.com
MLS




# ਹਾਲ ਦੀ ਘੜੀ ਕੁਝ ਵੀ ਬਦਲੇਗਾ ਨਹੀਂ

ਪ੍ਰਸਿੱਧ ਇਤਿਹਾਸਕਾਰ ਹਾਬਡ ਜਿਨ ਨੇ ਆਪਣੀ ਕਿਤਾਬ 'ਪੀਪਲਜ਼ ਵਰਲਡ ਹਿਸਟਰੀ' ਵਿਚ ਲਿਖਿਆ ਕਿ ਅਸਲ ਵਿਚ ਲੋਕ ਹੀ ਹੁੰਦੇ ਹਨ ਜਿਹੜੇ ਆਪਣੇ ਮੁਲਕ ਦਾ ਇਤਿਹਾਸ ਸਿਰਜਦੇ ਹਨ। ਸਵਾਲ ਸਿਰਫ਼ ਇਹ ਹੁੰਦਾ ਹੈ ਕਿ ਉਨ੍ਹਾਂ ਦੀ ਕਿਰਤ ਦੀ ਮਾਲਕੀਅਤ ਰਾਜਨੀਤੀ ਰਾਹੀਂ ਉਨ੍ਹਾਂ ਦੇ ਹੱਥ ਵਿਚ ਆਉਂਦੀ ਹੈ ਜਾਂ ਉਨ੍ਹਾਂ ਦੁਆਰਾ ਉਸਾਰੀ ਗਈ ਕਿਰਤ ਦਾ ਮਾਲਕ ਕੋਈ ਹੋਰ ਬਣ ਜਾਂਦਾ ਹੈ। ਅਸਲ ਵਿਚ ਪਿਛਲੇ ਦਹਾਕਿਆਂ ਦੌਰਾਨ ਵੱਖ ਵੱਖ ਮੁਲਕਾਂ ਵਿਚ ਚਾਹੇ ਉਹ ਅਮਰੀਕਾ ਹੋਵੇ ਚਾਹੇ ਕੈਨੇਡਾ ਹੋਵੇ ਚਾਹੇ ਭਾਰਤ ਹੋਵੇ ਅਤੇ ਚਾਹੇ ਪੰਜਾਬ ਹੋਵੇ ਇਸ ਵਿਚ ਇਕੋ ਕਿਸਮ ਦੇ ਕਾਰਪੋਰੇਟ ਘਰਾਣਿਆਂ ਰਾਹੀਂ ਮੰਡੀ ਨੂੰ ਵਿਕਸਿਤ ਕਰਨ ਲਈ ਰਾਜਨੀਤਕ ਪਾਰਟੀਆਂ ਹੁਕਮਰਾਨ ਬਣ ਜਾਂਦੀਆਂ ਹਨ। ਪੰਜਾਬੀ 'ਚ ਕਹਾਵਤ ਹੈ ਕਿ ਨਵੀਂ ਬੋਤਲ 'ਚ ਪੁਰਾਣੀ ਸ਼ਰਾਬ ਸਿਰਫ਼ ਲੇਵਲ ਵਿਚ ਫਰਕ ਪੈਂਦਾ ਹੈ ਉਸ ਵਿਚ ਨਸ਼ਾ ਉਹੀ ਹੁੰਦਾ ਹੈ। ਇਹ ਗੱਲ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ 'ਤੇ ਵੀ ਢੁਕਦੀ ਹੈ। ਚੋਣਾਂ ਤੋਂ ਪਹਿਲਾਂ ਜਿਸ ਕਿਸਮ ਦਾ ਏਜੰਡਾ ਪੇਸ਼ ਕੀਤਾ ਜਾ ਰਿਹਾ ਹੈ ਉਸ ਵਿਚ ਲੋਕਾਂ ਲਈ ਸਿਰਫ਼ ਖਾਲੀ ਸੁਪਨੇ ਹੀ ਹਨ ਹਕੀਕਤ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨਾ ਹੀ ਹੈ। ਕਿਸੇ ਕਿਸਮ ਦਾ ਬੁਨਿਆਦੀ ਸਵਾਲ ਜਿਸ ਵਿਚ ਆਰਥਿਕਤਾ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਹੋਵੇ ਨਹੀਂ ਹੈ। ਬਲਕਿ ਰਹਿੰਦੀ ਖੂੰਹਦੀ ਪੰਜਾਬ ਦੀ ਆਰਥਿਕਤਾ ਨੂੰ ਮੰਡੀ ਦੀਆਂ ਤਾਕਤਾਂ 'ਤੇ ਖੁੱਲ੍ਹੇ ਰੂਪ ਵਿਚ ਛੱਡਣ ਦੇ ਬਰਾਬਰ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਨਾਅਰੇ ਅਤੇ ਲਾਰੇ ਜੋ ਮਰਜ਼ੀ ਆਉਣ ਵਾਲੇ ਸਮੇਂ ਵਿਚ ਬਣਨ ਪ੍ਰੰਤੂ ਉਹ ਕਿਸੇ ਵੀ ਰੂਪ ਵਿਚ ਵੀ ਹਾਲ ਦੀ ਘੜੀ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਸੰਬੋਧਤ ਨਹੀਂ ਹੋ ਰਹੇ। ਅਜੇ ਤਾਂ ਗੇਮ ਇਹ ਚਲ ਰਹੀ ਹੈ ਕਿ ਕੌਣ ਕਿਸ ਦੇ ਕਿੰਨੇ ਬੰਦੇ ਪਟਦਾ ਹੈ ਅਤੇ ਆਪਣੇ ਵਿਚ ਸ਼ਾਮਲ ਕਰਨ ਨੂੰ ਘਰ ਵਾਪਸੀ ਕਹਿੰਦਾ ਹੈ। ਭਾਸ਼ਣਬਾਜ਼ੀ ਦੀ ਕਲਾਕਾਰੀ ਦੇ ਮਾਹਿਰ ਵੀ ਵਾਪਸ ਆਪਣੇ ਘਰ ਪਰਤ ਆਏ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਹੁਣ ਤੱਕ ਪੰਜਾਬ ਨੂੰ ਜੇ ਕਿਸੇ ਨੇ ਬਚਾਇਆ ਹੈ ਤਾਂ ਉਨ੍ਹਾਂ ਦੇ ਉਹ ਰਾਜਨੀਤਕ ਰਹਿਬਰ ਹੀ ਹਨ ਜਿਹੜੇ ਚਾਰ ਦਹਾਕਿਆਂ ਤੋਂ ਸੱਤਾ ਮਾਣ ਰਹੇ ਹਨ। ਹੁਣ ਉਨ੍ਹਾਂ ਨੂੰ ਪਤਾ ਨਹੀਂ ਧੁੰਦਲਾ ਦਿਖਾਈ ਦੇਣ ਲੱਗ ਪਿਆ ਹੈ ਜਾਂ ਦ੍ਰਿਸ਼ ਧੁੰਦਲਾ ਹੋ ਗਿਆ ਹੈ ਜਾਂ ਉਮਰ ਦੇ ਤਕਾਜ਼ੇ ਨਾਲ ਨਜ਼ਰਾਂ ਕਮਜ਼ੋਰ ਹੋ ਗਈਆਂ ਹਨ। ਹੁਣ ਖੱਬੇ ਜਾਂ ਸੱਜੇ ਰਸਤੇ ਕਿਸ ਤਰ੍ਹਾਂ ਪੰਜਾਬ ਦੀ ਸੱਤਾ ਦਾ ਆਨੰਦ ਮਾਣਿਆ ਜਾ ਸਕਦਾ ਹੈ। ਸਿਰਫ਼ ਇਹੀ ਸਰੋਕਾਰ ਰਹਿ ਗਏ ਹਨ। ਭਵਿੱਖ ਵਿਚ ਅਸੀਂ ਆਪਣੀ ਬਾਜ਼ ਅੱਖ ਰਾਹੀਂ ਪੰਜਾਬ ਦੀ ਰਾਜਨੀਤੀ ਦੇ ਹਰੇਕ ਘਟਨਾਕ੍ਰਮ ਨੂੰ ਵਿਸ਼ਲੇਸ਼ਣਾਮਿਕ ਦ੍ਰਿਸ਼ਟੀਕੋਣ ਤੋਂ ਤੁਹਾਡੇ ਸਨਮੁੱਖ ਰੱਖਾਂਗੇ ਤਾਂ ਕਿ ਵਿਦੇਸ਼ਾਂ ਦੀ ਧਰਤੀ 'ਤੇ ਕਿਰਤ ਕਰਨ ਵਾਲਿਆਂ ਨੂੰ ਇਹ ਸੋਝੀ ਹੋਰ ਮਿਲ ਸਕੇ ਕਿ ਅਸੀਂ ਕਿਸ ਤਰ੍ਹਾਂ ਪੰਜਾਬ ਦੀ ਹੋਣੀ ਅਤੇ ਅਣਹੋਣੀ ਉਪਰ ਅਸਰ ਪਾਉਣਾ ਹੈ। ਹਾਲ ਦੀ ਘੜੀ ਤਾਂ ਹਾਲਾਤਾਂ ਦੇ ਵਹਾਅ 'ਚ ਕਿਸੇ ਰੁਖ ਵੀ ਆਪਣੀ ਸਮਝਦਾਰੀ ਪੇਸ਼ ਨਹੀਂ ਕੀਤੀ ਜਾ ਰਹੀ ਪ੍ਰੰਤੂ ਇਕ ਗੱਲ ਸਪਸ਼ਟ ਹੈ ਕਿ ਜਿਸ ਕਿਸਮ ਨਾਲ ਪੂੰਜੀ ਦਾ ਰਥ ਦੁਨੀਆ ਦੇ ਹਰੇਕ ਕੋਨੇ ਨੂੰ ਆਪਣੀ ਗ੍ਰਿਫਤ ਵਿਚ ਲੈ ਰਿਹਾ ਹੈ ਉਸ ਨਾਲ ਨਵੇਂ ਕਿਸਮ ਦੇ ਨਾਅਰੇ, ਲਾਰੇ ਤੇ ਵਾਅਦੇ ਕੱਢਣੇ ਬੜੇ ਅਸਾਨ ਵੀ ਹਨ ਅਤੇ ਔਖੇ ਵੀ ਹਨ। ਦੇਖਣਾ ਇਹ ਹੈ ਕਿ ਕਿਸ ਕਿਸਮ ਨਾਲ ਅੱਜ ਦੇ ਪੰਜਾਬ ਅਤੇ ਕੱਲ੍ਹ ਦੇ ਪੰਜਾਬ ਦੀ ਤਸਵੀਰ ਕੌਣ ਪੇਸ਼ ਕਰਦਾ ਹੈ।

ਰਜਿਸਟ੍ਰੇਸ਼ਨ ਨੰਬਰ 210836300

# ਮੈਂ ਪੰਜਾਬ ਹਾਂ



ਮੇਰੇ ’ਤੇ ਤੂੰ ਐਵੇਂ ਹੁਣ ਫ਼ਖ਼ਰ ਨਾ ਕਰਿਆ ਕਰ। ਮੈਨੂੰ ਤੂੰ ਬੜਾ ਬਹਾਦਰ ਅਤੇ ਤਾਕਤਵਰ ਨਾ ਸਮਝਿਆ ਕਰ। ਹੁਣ ਮੈਂ ਤੈਨੂੰ ਆਪਣੀ ਗਾਥਾ ਬਿਆਨ ਨਹੀਂ ਸਕਦਾ ਕਿ ਮੇਰੇ ਨਾਲ ਕੀ ਬੀਤੀ ਹੈ। ਮੈਂ ਕਿਥੋਂ ਕਿਥੋਂ ਖਤਮ ਹੋਇਆ ਹਾਂ। ਪਹਿਲਾਂ ਮੈਨੂੰ ਮੇਰੇ ਭਰਾਵਾਂ ਤੋਂ ਵੰਡਿਆ ਗਿਆ। ਮੇਰਾ ਅੱਧਾ ਹਿੱਸਾ ਝਨਾਂ ਦੇ ਪਾਰ ਰਹਿ ਗਿਆ। ਮੇਰੀ ਜਿੰਦ ਜਾਨ ਵਰਗੀ ਬੋਲੀ ਵੀ ਮੈਥੋਂ ਖੁਸ ਗਈ। ਮੈਨੂੰ ਆਸ ਸੀ ਕਿ ਮੈਂ ਵੱਡਾ ਹੋ ਜਾਵਾਂਗਾ। ਪ੍ਰੰਤੂ ਹੌਲੀ ਹੌਲੀ ਮੈਨੂੰ ਇਕ ਛੋਟੇ ਜਿਹੇ ਹਿੱਸੇ ਵਿਚ ਸਮੋ ਦਿੱਤਾ ਗਿਆ। ਮੇਰੇ ’ਤੇ ਫਿਰ ਇਕ ਅਜਿਹਾ ਕਹਿਰ ਚਲਿਆ ਕਿ ਮੈਂ ਅੱਗ ਦੀਆਂ ਲਪਟਾਂ ਵਿਚ ਜਲਦਾ ਰਿਹਾ। ਮੈਨੂੰ ਇਕ ਵਾਰੀ ਤਾਂ ਦੇਸ਼ ’ਚੋਂ ਬੇਦਾਵਾ ਵੀ ਮਿਲਣ ਵਾਲਾ ਸੀ ਪਰ ਪਤਾ ਨਹੀਂ ਮੈਂ ਕਿਵੇਂ ਬਚਿਆ। ਮੈਨੂੰ ਆਸ ਬੱਝੀ ਕਿ ਮੈਂ ਤਾਂ ਮੁਸੀਬਤਾਂ ਵਿਚੋਂ ਹਮੇਸ਼ਾ ਹੀ ਤਾਕਤਵਰ ਹੋ ਕੇ ਨਿਕਲਦਾ ਹਾਂ ਪ੍ਰੰਤੂ ਜਦੋਂ ਹੁਣ ਮੈਂ ਆਪਣੀ ਗਾਥਾ ਤੈਨੂੰ ਦੱਸ ਰਿਹਾ ਹਾਂ ਤਾਂ ਮੈਨੂੰ ਛੇਵੇਂ ਨਸ਼ਿਆਂ ਦੇ ਦਰਿਆ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਮੇਰੇ ਇਰਦ-ਗਿਰਦ ਜਿਹੜਾ ਕੁਦਰਤੀ ਦਰਿਆਵਾਂ ਅਤੇ ਹਰੀਆਂ ਭਰੀਆਂ ਫਸਲਾਂ ਦਾ ਹਿੱਸਾ ਸੀ ਉਹ ਵੀ ਹੁਣ ਰੁੰਡ ਮਰੁੰਡ ਹੋ ਗਿਆ ਹੈ। ਮੇਰੇ ਥਾਂ ਥਾਂ ’ਤੇ ਇੰਨੇ ਜ਼ਖ਼ਮ ਬਣ ਗਏ ਹਨ ਕਿ ਮੈਨੂੰ ਇੰਝ ਜਾਪਦਾ ਹੈ ਕਿ ਮੈਂ ਮੰਡੀ ਦੀ ਤੋਰ ’ਚ ਤੁਰਦਾ ਤੁਰਦਾ ਹਰ ਕਿਸਮ ਦੀ ਅਲਾਮਤ ਨੂੰ ਆਪਣੇ ਨਾਲ ਜੋੜ ਲਿਆ ਹੈ। ਮੇਰੇ ਅੰਦਰੋਂ ਸਾਹ ਸੂਤੇ ਗਏ ਹਨ। ਮੇਰੀ ਆਵਾਜ਼ ਵਿਚ, ਭਾਸ਼ਾ ਵਿਚ, ਸਭਿਆਚਾਰ ਵਿਚ, ਆਰਥਿਕਤਾ ਵਿਚ, ਰਾਜਨੀਤੀ ਵਿਚ ਅਤੇ ਸਮਾਜਿਕ ਰਿਸ਼ਤਿਆਂ ਵਿਚ ਜਾਨ ਨਹੀਂ ਰਹੀ ਜਿਸ ਨਾਲ ਮੈਂ ਕਿਸੇ ਨੂੰ ਲਲਕਾਰਕੇ ਕਹਿ ਸਕਾਂ ਕਿ ਮੈਂ ਪੰਜਾਬ ਹਾਂ। ਹੈ ਕੋਈ ਦੇਸ਼ ਵਿਦੇਸ਼ ਦਾ ਐਸਾ ਮਾਧਿਅਮ ਕਿ ਜਿਸ ਰਾਹੀਂ ਮੈਂ ਮੁੜ ਤਾਕਤਵਰ ਬਣ ਕੇ ਖੜ੍ਹ ਸਕਾਂ। ਇਹ ਆਵਾਜ਼ ਮੈਂ ਉਨ੍ਹਾਂ ਸਭ ਨੂੰ ਦਿੰਦਾ ਹਾਂ ਜਿਨ੍ਹਾਂ ਨੇ ਮੇਰੀ ਧਰਤ ਦੇ ਹਰ ਇਕ ਅੰਗ ਵਿਚੋਂ ਵੱਡਾ ਕੀਤਾ ਹੈ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਮੇਰੇ ’ਤੇ ਪਏ ਕਰਜ਼ ਨੂੰ ਉਤਾਰਨ ਅਤੇ ਮੈਨੂੰ ਮੁੜ ਪਹਿਲੇ ਪੰਜਾਬ ਵਰਗਾ ਬਣਾਉਣ ’ਚ ਯੋਗ ਪਾਉਣ।